ਮਾਸਟਰ ਆਫ ਲਾਇਬ੍ਰੇਰੀ
ਅਤੇ ਸੂਚਨਾ ਵਿਗਿਆਨ

**MLIS 201**
ਸੂਚਨਾ ਸੰਚਾਰ ਅਤੇ ਸਮਾਜ

ਯੂਨਿਟ ਨੰਬਰ : 2

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰਬਰ :

## ਯੂਨਿਟ ਨੰਬਰ : 2

2.1 ਸੂਚਨਾ ਵਿਗਿਆਨ : ਪਰਿਭਾਸ਼ਾ, ਕਾਰਜ-ਖੇਤਰ ਅਤੇ ਦਰਜਾ
2.2 ਸੂਚਨਾ ਜੀਵਨ ਚੱਕਰ
2.3 ਗਿਆਨ ਜਗਤ : ਬਣਤਰ, ਸੰਰਚਨਾ ਅਤੇ ਵਿਕਾਸ
2.4 ਸੂਚਨਾ ਨੀਤੀ : ਲੋੜ, ਮੰਤਵ ਅਤੇ ਵਿਕਾਸ
2.5 ਬੌਧਿਕ ਸੰਪਤੀ ਅਧਿਕਾਰ
2.6 ਲਾਇਬ੍ਰੇਰੀ ਅਤੇ ਸੂਚਨਾ ਆਧਾਰਿਤ-ਸੰਰਚਨਾ

ਪਾਠ ਨੰ. : 2.1 ਲੇਖਕ : ਪ੍ਰੋ. (ਡਾ.) ਸੇਵਾ ਸਿੰਘ

# ਸੂਚਨਾ ਵਿਗਿਆਨ : ਪਰਿਭਾਸ਼ਾ, ਕਾਰਜ-ਖੇਤਰ ਅਤੇ ਦਰਜਾ
## (Information Science : Definition, Scope and Status)

**ਸੰਰਚਨਾ :**

2.1.1 ਜਾਣ-ਪਛਾਣ
2.1.2 ਸੂਚਨਾ ਵਿਗਿਆਨ ਦਾ ਨਿਕਾਸ
2.1.3 ਸੂਚਨਾ ਵਿਗਿਆਨ ਦੀ ਪਰਿਭਾਸ਼ਾ
2.1.3.1 ਇਨਫ਼ਾਰਮੇਟਿਕਸ
2.1.4 ਸੂਚਨਾ ਵਿਗਿਆਨ ਦੀ ਪ੍ਰਕਿਰਤੀ
2.1.5 ਸੂਚਨਾ ਵਿਗਿਆਨ ਦਾ ਕਾਰਜ-ਖੇਤਰ
2.1.6 ਸੂਚਨਾ ਵਿਗਿਆਨ ਵਿਸ਼ੇ ਦੇ ਤੌਰ 'ਤੇ
2.1.7 ਸਾਰ
2.1.8 ਸਵੈ-ਪੜਤਾਲ ਅਭਿਆਸ
2.1.9 ਹਵਾਲੇ
2.1.10 ਸਵੈ-ਪੜਤਾਲ ਅਭਿਆਸ ਦੇ ਉੱਤਰ।

### 2.1.1 ਜਾਣ-ਪਛਾਣ (Introduction) :

ਸਮਾਜਕ ਸੰਸਥਾ ਦੇ ਤੌਰ 'ਤੇ ਲਾਇਬ੍ਰੇਰੀ ਮੁੱਖ ਤੌਰ 'ਤੇ ਪੁਸਤਕ ਸੰਗ੍ਰਹਿ 'ਤੇ ਆਧਾਰਤ ਸੂਚਨਾ ਪ੍ਰਦਾਨ ਕਰਕੇ ਆਪਣੀ ਸਮਾਜਕ ਭੂਮਿਕਾ ਨਿਭਾ ਰਹੀ ਹੈ। ਵਿੱਦਿਆ ਦੇ ਪ੍ਰਸਾਰ ਨੇ ਪੁਸਤਕਾਂ ਦੀ ਵਰਤੋਂ ਵਿੱਚ ਵਾਧਾ ਕੀਤਾ। ਹੌਲੀ-ਹੌਲੀ, ਸਮਾਜਕ ਦਬਾਉ ਹੇਠ ਖੋਜ ਗਤੀਵਿਧੀ ਵਿੱਚ ਵਾਧਾ ਹੋਇਆ। ਖੋਜ ਕ੍ਰਿਆ ਵਿੱਚ ਆਏ ਇਸ ਅਚਾਨਕ ਉਛਾਲ ਸਦਕਾ ਵਿਗਿਆਨਕ ਸੂਚਨਾ ਦਾ ਅਭਿਲੇਖਣ, ਸੰਚਾਰ, ਵਿਵਸਥਾ, ਅਤੇ ਪ੍ਰਸਾਰਣ ਵਿੱਚ ਬਹੁਤ ਪਰਿਵਰਤਨ ਆ ਗਏ ਅਤੇ ਇਸਦੇ ਨਾਲ ਹੀ ਲਾਇਬ੍ਰੇਰੀਆਂ ਦੀ ਇੱਕ ਨਵੀਂ ਸ਼੍ਰੇਣੀ, ਵਿਸ਼ੇਸ਼ ਲਾਇਬ੍ਰੇਰੀਆਂ ਖੋਜ ਅਦਾਰਿਆਂ ਵਿੱਚ ਸਥਾਪਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਲਾਇਬ੍ਰੇਰੀ ਸੇਵਾ ਹੋਰ ਵਧੇਰੇ ਅਤਿਅੰਤ ਵਿਸ਼ਿਸ਼ਟ ਹੁੰਦੀ ਗਈ।
ਇਸਦੇ ਨਤੀਜੇ ਵਜੋਂ, ਪੁਸਤਕਾਂ ਤੋਂ ਇਲਾਵਾ ਹੋਰ ਵਧੇਰੇ ਵਿਗਿਆਨਕ ਰਸਾਲਿਆਂ ਨੇ ਲਾਇਬ੍ਰੇਰੀ ਵਿੱਚ ਥਾਂ ਲੈਣੀ ਸ਼ੁਰੂ ਕਰ ਦਿੱਤੀ। ਇਨ੍ਹਾਂ ਪ੍ਰਲੇਖਾਂ ਦਾ ਪ੍ਰਬੰਧ ਕਰਨ ਵਾਸਤੇ ਨਵੀਆਂ ਤਕਨੀਕਾਂ ਪੈਦਾ ਹੋ ਗਈਆਂ, ਜਿਵੇਂ ਅਨੁਕ੍ਰਮਣਿਕਰਣ, ਸਾਰੀਕਰਣ, ਅਨੁਵਾਦ, ਰੀਪ੍ਰੋਗ੍ਰਾਫ਼ਿਕ ਸੇਵਾਵਾਂ, ਆਦਿ। ਇਹ ਸਾਰੀਆਂ ਤਕਨੀਕਾਂ ਪ੍ਰਲੇਖਨ ਦੇ ਨਾਮ ਨਾਲ ਜਾਣੀਆਂ ਜਾਣ ਲੱਗ ਪਈਆਂ, ਜਿਸਨੂੰ ਬਰੈਡਫੋਰਡ (S.C. Bradford) ਨੇ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ, ''ਬੌਧਿਕ ਕ੍ਰਿਆ ਦੇ ਸਾਰੇ ਕਿਸਮ ਦੇ ਅਭਿਲੇਖਾਂ ਦਾ ਇਕੱਤਰੀਕਰਣ, ਵਰਗੀਕਰਣ, ਅਤੇ ਸਹਿਜੇ ਹੀ ਪ੍ਰਾਪਤੀ ਯੋਗ ਬਣਾਉਣਾ।''

### 2.1.2 ਸੂਚਨਾ ਵਿਗਿਆਨ ਦਾ ਨਿਕਾਸ (Emergence of Information Science) :

ਕੰਪਿਊਟਰ ਦੇ ਨਿਕਾਸ ਦੇ ਨਾਲ ਹੀ ਸੂਚਨਾ ਦੇ ਮਕਾਨੀਕਲ ਪ੍ਰਬੰਧ ਵੱਲ ਰੁਚੀ ਪਰਿਵਰਤਿਤ ਹੋ ਗਈ। ਸੂਚਨਾ ਪ੍ਰਬੰਧ ਵਿੱਚ ਇਨ੍ਹਾਂ ਦੇ ਪ੍ਰਯੋਗ ਨੇ ਪ੍ਰਲੇਖਨ ਦੇ ਸਥਾਨ 'ਤੇ ਕਿਸੇ ਹੋਰ ਪਦ ਲਈ ਰਸਤਾ ਤਿਆਰ ਕੀਤਾ, ਜੋ ਮੌਜੂਦਾ ਵਿਕਾਸ ਨਾਲ ਵਧੇਰੇ ਸਮਵਿਸਤਾਰੀ ਹੋਵੇਗਾ। ਫਲਸਰੂਪ, 'ਸੂਚਨਾ' ਪਦ ਹੋਂਦ ਵਿੱਚ ਆਇਆ, ਅਤੇ ਇਸਦੀ ਵਰਤੋਂ ਸਾਰੇ ਪਾਸੇ ਫੈਲ ਗਈ। ਉੱਤਰ-ਉਦਯੋਗਿਕ ਸਮਾਜ ਵਿੱਚ ਸੂਚਨਾ ਦੀ ਮਹੱਤਤਾ ਜਿਉਂ-ਜਿਉਂ ਵਧਦੀ

ਗਈ, ਨਵੀਆਂ ਸੇਵਾਵਾਂ ਅਤੇ ਨਵੀਆਂ ਤਕਨੀਕਾਂ ਦਾ ਨਿਕਾਸ ਵੀ ਹੁੰਦਾ ਗਿਆ।

ਸੂਚਨਾ ਵਿਗਿਆਨ ਦਾ ਵਿਸ਼ੇ ਦੇ ਰੂਪ ਵਿੱਚ ਨਿਕਾਸ ਮੁੱਖ ਤੌਰ 'ਤੇ ਵਿਗਿਆਨਕ ਸੂਚਨਾ ਦੇ ਪ੍ਰਬੰਧ ਵਿੱਚ ਦਿਲਚਸਪੀ ਵਿੱਚੋਂ ਹੋਇਆ। ਇੱਕ ਪਾਸੇ ਵਿਗਿਆਨਕ ਸੂਚਨਾ ਦੀ ਬੇਹਿਸਾਬੀ ਉਤਪਤੀ, ਅਤੇ ਦੂਜੇ ਪਾਸੇ ਵਿਗਿਆਨੀਆਂ ਅਤੇ ਸ਼ਿਲਪ-ਵਿਗਿਆਨੀਆਂ ਦੀਆਂ ਵਧ ਰਹੀਆਂ ਸੂਚਨਾ ਲੋੜਾਂ ਨੇ ਸੂਚਨਾ ਪ੍ਰਕਿਰਿਆ ਨੂੰ ਇੱਕ ਪੂਰਾ ਪ੍ਰਸੰਗ ਬਣਾ ਦਿੱਤਾ। ਵਰਤੋਂਕਾਰਾਂ ਵੱਲੋਂ ਵਿਸ਼ਿਸ਼ਟ ਸੂਚਨਾ ਦੀ ਲੋੜ ਆਵੱਸ਼ਕ ਸਮਝਣ ਕਰਕੇ ਮੁੱਦਾ ਹੋਰ ਵਧੇਰੇ ਗੁੰਝਲਦਾਰ ਹੋ ਗਿਆ। ਸੂਚਨਾ ਨੂੰ ਵਧੇਰੇ ਕੁਸ਼ਲਤਾ ਨਾਲ ਪ੍ਰਕਿਰਿਆ ਕਰਨ ਵਾਸਤੇ ਤਕਨਾਲੋਜੀਕਲ ਮਾਧਿਅਮ ਨੂੰ ਵਰਤੋਂ ਵਿੱਚ ਲਿਆਉਣਾ ਪਿਆ। ਇਸ ਵਿਕਾਸ ਦੇ ਨਾਲ-ਨਾਲ, ਵਿਗਿਆਨੀਆਂ ਦਾ ਇੱਕ ਨਵਾਂ ਸਮੂਹ, ਜੋ ਆਪਣੇ ਸਹਿਯੋਗੀਆਂ ਨੂੰ ਸੂਚਨਾ ਉਪਲਬਧ ਕਰਨ ਲਈ ਵਚਨਬੱਧ ਸੀ, ਨੇ ਇਸ ਕੰਮ ਲਈ ਨਵੇਂ ਰਸਤੇ ਅਤੇ ਸਾਧਨਾਂ ਦੀ ਵਿਉਂਤ ਬਣਾ ਲਈ। ਇਨ੍ਹਾਂ ਵੱਲੋਂ ਵਰਤੀਆਂ ਗਈਆਂ ਤਕਨੀਕਾਂ ਦੇ ਆਧਾਰ 'ਤੇ ਇੱਕ ਨਵੇਂ ਵਿਸ਼ਾ-ਖੇਤਰ ਦੀ ਰੂਪ-ਰੇਖਾ ਬਣਦੀ ਗਈ, ਜਿਸਨੂੰ ''ਸੂਚਨਾ ਵਿਗਿਆਨ'' ਕਿਹਾ ਗਿਆ। ਇਸ ਤੱਥ ਦੀ ਪ੍ਰੇਰਣਾ ਵਜੋਂ ਵਿੱਕਰੀ ਅਤੇ ਵਿੱਕਰੀ (Vickery and Vickery) ਨੇ ਇਹ ਕਿਹਾ ਕਿ ਸੂਚਨਾ ਵਿਗਿਆਨ ਦੇ ਪਦ ਦੀ ਆਰੰਭਿਕ ਉਪਸਥਿਤੀ ਸੂਚਨਾ ਵਿਗਿਆਨੀ ਦੇ ਰੂਪ ਵਿੱਚ ਹੋਈ।

ਸੂਚਨਾ ਵਿਗਿਆਨ ਦਾ ਇੱਕ ਉੱਤਮ ਮਹੱਤਵ ਵਾਲੇ ਬੌਧਿਕ ਵਿਸ਼ੇ ਦੇ ਰੂਪ ਵਿੱਚ ਨਿਕਾਸ ਹੋਇਆ, ਜੋ ਮਾਨਵਿਕੀ ਸ਼ਾਸਤਰ, ਸਮਾਜ ਵਿਗਿਆਨ, ਵਿਗਿਆਨ ਅਤੇ ਤਕਨਾਲੋਜੀ ਦੇ ਰਵਾਇਤੀ ਵਿਸ਼ਿਆਂ ਦੀ ਹਦਬੰਦੀ ਪਾਰ ਕਰਕੇ ਵਿਸ਼ੇਸ਼ਤਾ ਵਜੋਂ ਅੰਤਰ-ਵਿਸ਼ਾ ਖੇਤਰ ਬਣ ਗਿਆ ਹੈ।

ਬੇਸ਼ਕ ਯੁੱਧ ਉਪਰੰਤ ਕਾਲ ਵਿੱਚ ਇਸਦਾ ਨਿਕਾਸ ਸੂਚਨਾ ਤਬਾਦਲਾ ਦੀਆਂ ਲੋੜਾਂ ਨਾਲ ਵੀ ਸੰਬੰਧਤ ਹੋ ਜਾਂਦਾ ਹੈ, ਪਰ ਫਿਰ ਵੀ ਇਸਦੀ ਉਤਪਤੀ ਦਾ ਸ਼ਬਦ-ਨਿਰਮਾਣ ਹੁਣੇ ਦਾ ਹੀ ਹੈ। ਇਸਦੀ 'ਵਿਗਿਆਨ ਸੂਚਨਾ' ਦੇ ਰੂਪ ਵਿੱਚ ਪਹਿਲੀ ਹਾਜ਼ਰੀ ਉਨੀ ਸੌ ਸੱਠਵਿਆਂ ਵਿੱਚ ਹੋਈ।

### 2.1.3 ਸੂਚਨਾ ਵਿਗਿਆਨ – ਪਰਿਭਾਸ਼ਾ (Definition of Information Science) :

ਵਿਦਵਾਨਾਂ ਨੇ ਸੂਚਨਾ ਵਿਗਿਆਨ ਨੂੰ ਅਨੇਕ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ। ਇਸ ਦੀਆਂ ਕੁਝ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ :-

ਹਰਮਨ ਵੇਇਸਮੈਨ (Herman Weisman) ਅਨੁਸਾਰ, ''ਸੂਚਨਾ ਵਿਗਿਆਨ ਸੂਚਨਾ ਕਿਵੇਂ ਉਤਪੰਨ ਜਾਂ ਇਕੱਤਰ ਕੀਤੀ ਜਾਂਦੀ ਹੈ, ਪ੍ਰਕਿਰਿਆ, ਭੰਡਾਰਣ ਅਤੇ ਮੁੜ-ਪ੍ਰਾਪਤੀ; ਪ੍ਰਗਟ ਅਤੇ ਸੰਚਾਰਿਤ ਕਿਵੇਂ ਕੀਤੀ ਜਾਂਦੀ ਹੈ; ਵਿਅਕਤੀ ਕਿਵੇਂ ਪ੍ਰਯੋਗ ਕਰਦੇ ਹਨ, ਅਤੇ ਮਨੁੱਖੀ ਅਤੇ ਗੈਰ-ਮਸ਼ੀਨੀ ਪ੍ਰਣਾਲੀਆਂ ਕਿਵੇਂ ਵਰਤੋਂ ਕਰਦੀਆਂ ਹਨ, ਨਾਲ ਸੰਬੰਧਤ ਹੈ।''

ਪੋਲੀਨ ਅਥਰਟਨ (Pauline Atherton) ਨੇ ਸੂਚਨਾ ਵਿਗਿਆਨ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ, ''ਇੱਕ ਜਟਿਲ ਬਹੁ-ਵਿਸ਼ਾਈ ਮਜ਼ਮੂਨ ਹੈ, ਜਿਸਦਾ ਘੇਰਾ ਕੰਪਿਊਟਰ ਅਤੇ ਦੂਰਸੰਚਾਰ ਤੋਂ ਸੰਚਾਰ-ਨਿਯੰਤ੍ਰਣ ਵਿਗਿਆਨ (ਸਾਈਬਰਨੈਟਿਕਸ) ਮਨੋਵਿਗਿਆਨ, ਤਰਕ-ਸ਼ਾਸਤਰ, ਅਤੇ ਵਰਗੀਕਰਣ ਅਤੇ ਅਨੁਕ੍ਰਮਣਿਕਰਣ ਦੀਆਂ ਤਕਨੀਕਾਂ ਤੱਕ ਹੈ, ਅਤੇ ਇਸ ਤਰ੍ਹਾਂ ਸੂਚਨਾ ਕਾਰਜ ਅਤੇ ਸੂਚਨਾ ਵਿਗਿਆਨ ਨੂੰ ਸੰਖੇਪ ਰੂਪ ਵਿੱਚ ਉਹ ਵਿਵਸਾਇਕ ਵਿਸ਼ੇ ਜਿਨ੍ਹਾਂ ਦਾ ਸੰਬੰਧ ਅੰਕਿਤ ਗਿਆਨ ਦਾ ਇਕੱਤਰੀਕਰਣ, ਭੰਡਾਰਣ ਅਤੇ ਤਬਾਦਲੇ ਨਾਲ ਹੈ, ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।''

ਸਲਾਮੇਕਾ (Slamecka) ਨੇ ਸੂਚਨਾ ਵਿਗਿਆਨ ਨੂੰ ''ਸੂਚਨਾ ਦੀ ਪ੍ਰਕਿਰਤੀ, ਗੁਣ, ਨਿਯੰਤ੍ਰਣ, ਅਤੇ ਵਰਤੋਂ ਦੇ ਇੱਕ ਅੰਤਰ-ਵਿਸ਼ਾ ਅਧਿਐਨ ਖੇਤਰ'' ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਹੈ। ਇਸ ਪਰਿਭਾਸ਼ਾ ਵਿੱਚ ਸੂਚਨਾ ਅਧਿਐਨ ਕਰਨ ਦਾ ਬੁਨਿਆਦੀ ਉਦੇਸ਼ ਸੰਚਾਰ ਪ੍ਰਕਿਰਿਆ, ਸਮੱਸਿਆ ਦਾ ਹੱਲ, ਨਿਰਣੈ ਕਰਨ ਅਤੇ ਸਿੱਖਣ ਦੇ ਕਥਨ ਵਿੱਚੋਂ ਨਿਕਲਦਾ ਵਿਸ਼ਾ ਹੈ।''

ਵਿਲਸਨ (Wilson) ਅਨੁਸਾਰ ਸੂਚਨਾ ਵਿਗਿਆਨ ''ਸੂਚਨਾ ਦੀ ਉਤਪਤੀ, ਸੰਚਾਰ, ਪ੍ਰਬੰਧ, ਭੰਡਾਰਣ; ਮੁੜ-ਪ੍ਰਾਪਤੀ ਅਤੇ ਵਰਤੋਂ ਨਾਲ ਸਬੰਧਿਤ ਵਿਸ਼ਿਆਂ ਦਾ ਅਧਿਐਨ ਅਤੇ ਸੂਚਨਾ ਵਰਤੋਂਕਾਰਾਂ ਦਾ ਅਧਿਐਨ ਲਈ ਪ੍ਰਕਿਰਿਆ ਹੈ।''

ਮਿਖਾਈਲੋਵ (Mikhailov) ਨੇ ਸੂਚਨਾ ਵਿਗਿਆਨ ਨੂੰ ''ਇੱਕ ਅਜਿਹਾ ਵਿਗਿਆਨਕ ਵਿਸ਼ਾ, ਜੋ ਵਿਗਿਆਨਕ ਸੂਚਨਾ ਦੇ ਗੁਣਾਂ ਅਤੇ ਸੰਰਚਨਾ ਦਾ ਅਤੇ ਨਾਲ ਹੀ ਵਿਗਿਆਨਕ ਸੰਚਾਰ ਦੀਆਂ ਸਾਰੀਆਂ ਪ੍ਰਕਿਰਿਆਵਾਂ ਦੀ ਇਕਰੂਪਤਾ ਦਾ ਅਧਿਐਨ ਕਰਨ ਵਾਲੇ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਹੈ।''

ਕੁਝ ਪਰਿਭਾਸ਼ਾਵਾਂ ਵਿੱਚ ਸੂਚਨਾ ਅਤੇ ਸੰਚਾਰ ਨੂੰ ਬਰਾਬਰ ਦਾ ਮਹੱਤਵ ਦਿੱਤਾ ਹੈ, ਜਿਵੇਂ :-

ਵਿੱਕਰੀ ਅਤੇ ਵਿੱਕਰੀ (Vickery and Vickery) ਦੇ ਕਥਨ ਅਨੁਸਾਰ ਸੂਚਨਾ ਵਿਗਿਆਨ ਨੂੰ ''ਸਮਾਜ ਵਿੱਚ ਸੂਚਨਾ ਸੰਚਾਰ ਦੇ ਅਧਿਐਨ ਦੇ ਰੂਪ ਵਿੱਚ'' ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

**ਹੈਰਡੋਜ਼ ਲਾਇਬ੍ਰੇਰੀਅਨਜ਼ ਗਲਾਸਰੀ ਐਂਡ ਰੈਫਰੈਂਸ ਬੁੱਕ** (Harrod's Librarians Glossary and Reference Book) ਅਨੁਸਾਰ ਸੂਚਨਾ ਵਿਗਿਆਨ, ''ਸੂਚਨਾ ਦੀ ਵਰਤੋਂ, ਇਸਦੇ ਸ੍ਰੋਤ ਅਤੇ ਵਿਕਾਸ ਦਾ ਅਧਿਐਨ ਹੈ, ਜੋ ਆਮ ਕਰਕੇ ਸੂਚਨਾ ਦੇ ਪ੍ਰਸਾਰ ਦਾ ਪ੍ਰਬੰਧ ਕਰਨ ਲਈ ਵਿਗਿਆਨਕ, ਉਦਯੋਗਿਕ ਅਤੇ ਵਿਸ਼ਿਸ਼ਟ ਲਾਇਬ੍ਰੇਰੀ ਅਤੇ ਸੂਚਨਾ ਇਕਾਈਆਂ ਦੇ ਰੂਪ ਵਿੱਚ ਹੁੰਦੇ ਹਨ।''

ਗ੍ਰਿਫਿਨ (Griffin) ਸੂਚਨਾ ਵਿਗਿਆਨ ''ਇੱਕ ਵਿਸ਼ੇ ਦੇ ਤੌਰ 'ਤੇ ਜਿਸਦਾ ਸੰਬੰਧ ਸੂਚਨਾ ਦੀ ਉਤਪਤੀ, ਇਕੱਤਰਤਾ, ਪ੍ਰਬੰਧ, ਵਿਆਖਿਆ, ਭੰਡਾਰਣ, ਮੁੜ-ਪ੍ਰਾਪਤੀ, ਪ੍ਰਸਾਰਣ, ਪਰਿਵਰਤਨ, ਅਤੇ ਵਰਤੋਂ, ਵਿਸ਼ੇਸ਼ ਕਰਕੇ ਇਨ੍ਹਾਂ ਖੇਤਰਾਂ ਵਿੱਚ ਆਧੁਨਿਕ ਤਕਨਾਲੋਜੀ ਦੇ ਪ੍ਰਯੋਗ ਰਾਹੀਂ, ਕਰਨ ਨਾਲ ਸਬੰਧਤ ਹੁੰਦੀ ਹੈ।''

ਪਰ ਇੱਕ ਹੋਰ ਧਾਰਣਾ ਅਨੁਸਾਰ ਸੂਚਨਾ ਵਿਗਿਆਨ ਨੂੰ ਲਾਇਬ੍ਰੇਰੀਅਨਸ਼ਿਪ ਦੀਆਂ ਕ੍ਰਿਆਵਾਂ ਦਾ ਵਿਸਤਾਰਨ ਦੇ ਰੂਪ ਵਿੱਚ ਲਿਆ ਗਿਆ ਹੈ।

ਫਾਸਕੈਟੱ (Foskett) ਨੇ ਸੂਚਨਾ ਵਿਗਿਆਨ ਨੂੰ ਇਸ ਤਰ੍ਹਾਂ ਪਰਿਭਾਸ਼ਾ ਦਿੱਤੀ ਹੈ, ਜਿਸ ਅਨੁਸਾਰ ਇਹ ਇੱਕ ''ਅਜਿਹਾ ਵਿਸ਼ਾ ਖੇਤਰ ਹੈ, ਜੋ ਲਾਇਬ੍ਰੇਰੀਅਨਸ਼ਿਪ ਦੀ ਪੁਰਾਤਨ ਕਲਾ, ਗਣਨਾ ਦੀ ਨਵੀਂ ਕਲਾ, ਨਵੇਂ ਸੰਚਾਰ ਮਾਧਿਅਮ ਦਾ ਹੁਨਰ .... ਸੰਗਠਤ ਵਿਚਾਰਾਂ ਦੀ ਥਾਂ ਬਦਲੀ ਦੇ ਪਰ-ਫਲਣ (Cross-fertilization) ਵਿੱਚੋਂ ਉਗ ਰਿਹਾ ਹੈ।''

ਆਰਤੰਦੀ (Artandi) ਦੇ ਪ੍ਰੇਖਣ ਅਨੁਸਾਰ, ''ਸੂਚਨਾ ਵਿਗਿਆਨ ਵਿੱਚ ਸਾਡਾ ਸੰਬੰਧ ਉਨ੍ਹਾਂ ਸਮੱਸਿਆਵਾਂ ਨਾਲ ਹੈ, ਜੋ ਗੁਣਾਤਮਕ ਪੱਖੋਂ ਉਹੀ ਹਨ, ਜੋ ਉਸੇ ਪੱਧਰ ਉਪਰ ਲਾਇਬ੍ਰੇਰੀ ਸਮੱਸਿਆਵਾਂ ਹਨ, ਸਿਵਾਏ ਇਸਦੇ ਕਿ ਅਸੀਂ ਉਨ੍ਹਾਂ ਬਾਰੇ ਵਧੇਰੇ ਸਿਆਣਪ ਨਾਲ ਵਿਚਾਰ ਕਰ ਰਹੇ ਹਾਂ।'' ਇਸ ਵਿਚਾਰ ਦੀ ਗਲੂਲਿਆਨੋ (Gluliano) ਨੇ ਵੀ ਪ੍ਰੋੜ੍ਹਤਾ ਕੀਤੀ ਹੈ, ਜਦੋਂ ਉਹ ਕਹਿੰਦਾ ਹੈ, ''ਸੂਚਨਾ ਵਿਗਿਆਨ ਖੋਜ ਅਤੇ ਵਿਕਾਸ ਕਾਰਜ ਦੀ ਉਹ ਲੜੀ ਹੈ, ਜੋ ਲਾਇਬ੍ਰੇਰੀਅਨਸ਼ਿਪ ਵਿਵਸਾਏ ਦੇ ਸਮਰਥਨ ਲਈ ਆਵੱਸ਼ਕ ਹੈ।''

ਲਾਇਬ੍ਰੇਰੀਅਨਾਂ ਦੇ ਦ੍ਰਿਸ਼ਟੀਕੋਣ ਤੋਂ ਸੂਚਨਾ ਵਿਗਿਆਨ ਦੀ ਸਭ ਨੂੰ ਪ੍ਰਵਾਨਿਤ ਪਰਿਭਾਸ਼ਾ ਹੈਰਲਡ ਬੋਰਕੋ (Harold Borko) ਦੀ ਹੈ। ਸੂਚਨਾ ਵਿਗਿਆਨ ਵਿੱਚ ਉਸਨੂੰ ਇੱਕ ਅਜਿਹਾ ਵਿਸ਼ਾ ਨਜ਼ਰ ਆਉਂਦਾ ਹੈ, ''ਜੋ ਸੂਚਨਾ ਦੇ ਗੁਣਾਂ ਅਤੇ ਵਿਵਹਾਰ ਦੀ, ਸੂਚਨਾ ਨਿਯੰਤ੍ਰਣ ਕਰਨ ਵਾਲੀਆਂ ਸ਼ਕਤੀਆਂ, ਅਤੇ ਸਰਬੋਤਮ ਪਹੁੰਚ ਯੋਗਤਾ ਅਤੇ ਉਪਯੋਗਤਾ ਲਈ ਸੂਚਨਾ ਪ੍ਰਕਿਰਿਆ ਦੇ ਸਾਧਨਾਂ ਦੀ ਛਾਣਬੀਨ ਕਰਦਾ ਹੈ। ਇਹ ਗਿਆਨ ਦੇ ਅਜਿਹੇ ਢੰਗ ਨਾਲ ਸਬੰਧਤ ਹੈ, ਜਿਸਦਾ ਸੰਬੰਧ ਸੂਚਨਾ ਦੀ ਉਤਪਤੀ, ਇਕੱਤਰਤਾ, ਪ੍ਰਬੰਧ, ਭੰਡਾਰਣ, ਮੁੜ-ਪ੍ਰਾਪਤੀ, ਵਿਆਖਿਆ, ਸੰਚਾਰਨ, ਪਰਿਵਰਤਨ ਅਤੇ ਉਪਯੋਗ ਨਾਲ ਹੈ। ਇਸ ਵਿੱਚ ਕੁਦਰਤੀ ਅਤੇ ਬਣਾਵਟੀ ਪ੍ਰਣਾਲੀਆਂ ਵਿੱਚ ਸੂਚਨਾ ਨਿਰੂਪਣ, ਕੁਸ਼ਲ ਸੰਦੇਸ਼, ਸੰਚਾਰਨ ਲਈ ਵਰਤੇ ਜਾਂਦੇ ਕੋਡ, ਅਤੇ ਸੂਚਨਾ ਪ੍ਰਕਿਰਿਆ ਦੇ ਅਜਿਹੇ ਸਾਧਨਾਂ ਅਤੇ ਤਕਨੀਕਾਂ, ਜਿਵੇਂ ਕੰਪਿਊਟਰ ਅਤੇ ਉਨ੍ਹਾਂ ਦੀਆਂ ਪ੍ਰੋਗਰਾਮ ਪ੍ਰਣਾਲੀਆਂ ਦਾ ਅਧਿਐਨ ਦੀ ਛਾਣਬੀਨ ਸ਼ਾਮਿਲ ਹੈ।''

ਹਰਮਨ (Harmon) ਦਾ ਯਕੀਨ ਹੈ ਕਿ ਸੂਚਨਾ ਵਿਗਿਆਨ ਦਾ ਨਾ ਕੇਵਲ ਪ੍ਰਲੇਖਨ ਅਤੇ ਸੂਚਨਾ ਮੁੜ-ਪ੍ਰਾਪਤੀ ਦੇ ਵਿਸਤਾਰ ਜਾਂ ਪਰਿਵਰਤਨ ਵਜੋਂ ਨਿਕਾਸ ਹੋਇਆ ਹੈ, ਸਗੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ''ਸੰਚਾਰ ਅਤੇ ਸਦਾਚਾਰ ਵਿਗਿਆਨ ਅਤੇ ਹੋਰ ਅੰਸ਼ਦਾਨੀ ਵਿਸ਼ਿਆਂ ਦੇ ਮੌਜੂਦਾ ਉਦੇਸ਼ ਅਤੇ ਵਿਸ਼ੇ ਸ਼ਾਮਿਲ ਕੀਤੇ ਹਨ।''

ਅਮਰੀਕਨ ਸੁਸਾਇਟੀ ਫ਼ਾਰ ਇਨਫ਼ਾਰਮੇਸ਼ਨ ਸਾਇੰਸ (The American Society for Information Science) ਨੇ ਸੂਚਨਾ ਵਿਗਿਆਨ ਨੂੰ ''ਸੂਚਨਾ ਦੀ ਉਤਪੱਤੀ, ਇਕੱਤਰੀਕਰਣ, ਪ੍ਰਬੰਧ, ਵਿਆਖਿਆ, ਭੰਡਾਰਣ, ਮੁੜ-ਪ੍ਰਾਪਤੀ, ਪ੍ਰਸਾਰਣ, ਥਾਂ-ਬਦਲੀ ਅਤੇ ਵਰਤੋਂ, ਵਿਸ਼ੇਸ਼ਕਰ ਇਨ੍ਹਾਂ ਖੇਤਰਾਂ ਵਿੱਚ ਆਧੁਨਿਕ ਤਕਨਾਲੋਜੀ ਦੇ ਪ੍ਰਯੋਗ ਨਾਲ

ਸੰਬੰਧਤ'' ਹੋਣ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਹੈ।

**2.1.3.1 ਇਨਫ਼ਾਰਮੈਟਿਕਸ (Informatics) :–** ਇਸ ਦੌਰਾਨ ਰੂਸੀ ਵਿਦਵਾਨਾਂ ਨੇ 'ਇਨਫ਼ਾਰਮੈਟਿਕਸ' ਨਾਮ ਦੇ ਪਦ ਦੀ ਘਾੜਤ ਘੜੀ। ਦੂਜੇ ਪਾਸੇ, ਉਨ੍ਹਾਂ ਨੇ ਸੂਚਨਾ ਵਿਗਿਆਨ ਨੂੰ ਸਮਾਜ ਵਿਗਿਆਨ ਦੇ ਇੱਕ ਵਿਸ਼ੇ ਵਜੋਂ ਦਰਜਾ ਦਿੱਤਾ। ਉਨ੍ਹਾਂ ਕਿਹਾ, ''ਸੂਚਨਾ ਵਿਗਿਆਨ ਦਾ ਵਿਸ਼ਾ ਸਮਾਜ ਵਿਗਿਆਨ ਦਾ ਅੰਗ ਹੈ, ਜੋ ਵਿਗਿਆਨਕ ਸੂਚਨਾ ਦੀਆਂ ਆਮ ਵਿਸ਼ੇਸ਼ਤਾਵਾਂ ਅਤੇ ਸੰਰਚਨਾ ਦਾ, ਅਤੇ ਸਾਰੇ ਵਿਗਿਆਨਕ ਸੰਚਾਰ ਪ੍ਰਕਿਰਿਆ ਸਬੰਧੀ ਆਮ ਨਿਯਮਾਂ ਦਾ ਅਧਿਐਨ ਕਰਦਾ ਹੈ।''

'ਇਨਫ਼ਾਰਮੈਟਿਕਸ' ਦੇ ਇਸ ਨਵੇਂ ਪਦ ਨੂੰ ਮਿਖਾਈਲੋਵ, ਚੇਰਨੀਲ ਅਤੇ ਗਿਲੀਅਰਵਸਕੀ (Mikhailov, Chernyl and Gilliarevski) ਨੇ, ''ਵਿਗਿਆਨਕ ਸੂਚਨਾ ਦਾ ਉਲੇਖ, ਵਿਸ਼ਲੇਸ਼ਣਾਤਮਕ-ਸੰਸ਼ਲੇਸ਼ਣ ਪ੍ਰਕਿਰਿਆ, ਭੰਡਾਰਣ, ਮੁੜ-ਪ੍ਰਾਪਤੀ ਅਤੇ ਪ੍ਰਸਾਰਣ ਸਬੰਧੀ ਪ੍ਰਕਿਰਿਆਵਾਂ, ਢੰਗ ਅਤੇ ਨਿਯਮ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਹੈ।

ਫਿਰ ਵੀ ਕਿਹਾ ਜਾ ਸਕਦਾ ਹੈ ਕਿ ਇਨਫ਼ਾਰਮੈਟਿਕਸ ਦਾ ਵਾਸਤਾ ਅਰਥ-ਭਰਪੂਰ ਸੂਚਨਾ ਨਾਲ ਹੈ, ਪਰ ਉਸ ਸੂਚਨਾ ਦੇ ਗੁਣਾਤਮਕ ਮੁਲਾਂਕਣ ਨਾਲ ਨਹੀਂ। ਇਹ ਮੰਨਿਆ ਜਾਂਦਾ ਹੈ ਕਿ ਅਜਿਹਾ ਗੁਣਾਤਮਕ ਮੁਲਾਂਕਣ ਕਿਸੇ ਵਿਦਵਤਾ ਵਾਲੇ ਵਿਸ਼ੇ ਦੇ ਵਿਸ਼ੇਸ਼ੱਗ ਹੀ ਕਰ ਸਕਦੇ ਹਨ।

ਰੂਸ, ਪੂਰਬ ਜਰਮਨੀ, ਅਤੇ ਅਨੇਕ ਪੂਰਬੀ ਯੂਰਪੀ ਦੇਸ਼ਾਂ ਵਿੱਚ 'ਇਨਫ਼ਾਰਮੈਟਿਕਸ' ਬਹੁਤ ਲੋਕਪ੍ਰਿਯ ਹੋ ਗਿਆ ਸੀ, ਪਰ ਯੂ.ਐਸ.ਏ., ਕੈਨੇਡਾ, ਯੂ.ਕੇ. ਅਤੇ ਦੁਨੀਆ ਦੇ ਕੁਝ ਹੋਰ ਦੇਸ਼ਾਂ ਵਿੱਚ 'ਸੂਚਨਾ ਵਿਗਿਆਨ' ਪ੍ਰਚੱਲਤ ਸੀ। ਭਾਰਤ ਵਿੱਚ ਵੀ 'ਇਨਫ਼ਾਰਮੈਟਿਕਸ' ਸ਼ਬਦ ਵਰਤਿਆ ਜਾਂਦਾ ਹੈ, ਪਰ ਸੂਚਨਾ ਵਿਗਿਆਨ ਵਧੇਰੇ ਪ੍ਰਚੱਲਤ ਹੈ।

### 2.1.4 ਸੂਚਨਾ ਵਿਗਿਆਨ ਦੀ ਪ੍ਰਕਿਰਤੀ (Nature of Information Science) :

ਸੂਚਨਾ ਵਿਗਿਆਨ ਗਿਆਨ ਦਾ ਇੱਕ ਅੰਤਰ-ਵਿਸ਼ਾ ਖੇਤਰ ਹੈ, ਜੋ ਨਵੇਂ ਰੂਪਾਵਲੀ ਸੰਬੰਧੀ ਵਿਗਿਆਨ ਦਾ ਰੂਪ ਧਾਰਣ ਕਰ ਰਹੀ ਹੈ। ਇਸਦਾ ਅਰਥ ਇਹ ਹੋਇਆ ਕਿ ਇਹ ਇੱਕ ਅਜਿਹੀ ਨਵੇਕਲੀ ਵਿਗਿਆਨ ਹੈ, ਜੋ ਇਸਦੇ ਸਿਧਾਂਤਕ ਸੂਤਰਾਂ ਤੋਂ, ਇਸਦੇ ਵਿਸ਼ਾਲ ਉਦੇਸ਼ਾਂ ਤੋਂ, ਅਤੇ ਵਰਤੇ ਗਏ ਢੰਗ ਤਰੀਕਿਆਂ ਤੋਂ ਪਹਿਚਾਣਨਯੋਗ ਹੈ। ਸੂਚਨਾ ਵਿਗਿਆਨ ਨੂੰ ਅਜੇ ਮੁੱਢਲੀ ਅਵਸਥਾ ਵਿੱਚ ਸਮਝਿਆ ਜਾਂਦਾ ਹੈ, ਇਸ ਲਈ ਨਿਸ਼ਚਿਤ ਸਿਧਾਂਤ, ਜਿਸ ਵਿੱਚ ਖੋਜ ਦੇ ਪ੍ਰਯੋਗ ਅਤੇ ਪ੍ਰੇਖਣ ਦੇ ਨਤੀਜੇ ਸ਼ਾਮਿਲ ਕੀਤੇ ਹੋਣ, ਬਣਾਉਣ ਤੋਂ ਸੰਕੋਚ ਕਰਦੀ ਹੈ, ਪਰ ਸਿਧਾਂਤਕ ਤੌਰ 'ਤੇ ਅਤੇ ਗਿਆਨ ਦੇ ਵਿਹਾਰਕ ਖੇਤਰ ਲਈ ਬੜੇ ਸਪੱਸ਼ਟ ਰੂਪ ਵਿੱਚ ਉਪਜਾਊ ਸਾਬਤ ਹੋ ਰਹੀ ਹੈ।

ਸੂਚਨਾ ਵਿਗਿਆਨ ਸੰਗਠਿਤ ਗਿਆਨ ਦੀ ਇੱਕ ਮਨੁੱਖੀ ਦਿਮਾਗ ਤੋਂ ਦੂਜੇ ਤੱਕ ਅਤੇ ਫਿਰ ਸਮਾਜ ਤੱਕ, ਥਾਂ-ਬਦਲੀ ਜਾਂ ਸੰਚਾਰ ਦੇ ਨਿਯੰਤ੍ਰਣ ਲਈ ਨਿਯਮ ਅਤੇ ਤਕਨੀਕਾਂ ਨਾਲ ਸੰਬੰਧਤ ਹੈ। ਵਿਸ਼ੇ ਦੇ ਰੂਪ ਵਿੱਚ ਇਸਦਾ ਸੰਬੰਧ ਹੇਠ ਲਿਖਿਆਂ ਨਾਲ ਬਣਦਾ ਹੈ :-

(i) ਭਿੰਨ ਵਾਤਾਵਰਣ ਵਿੱਚ ਸੂਚਨਾ ਦੀ ਉਤਪਤੀ ਅਤੇ ਵਿਕਾਸ;
(ii) ਸੂਚਨਾ ਤੱਕ ਪ੍ਰਵੇਸ਼ ਅਤੇ ਵਰਤੋਂ ਵਿੱਚ ਮਦਦ ਲਈ ਇਕੱਤਰੀਕਰਣ, ਭੰਡਾਰਣ, ਵਿਵਸਥਿਤ ਅਤੇ ਪ੍ਰਕਿਰਿਆ;
(iii) ਭਿੰਨ ਪ੍ਰਯੋਗਕਰਤਾ ਮਾਹੌਲ ਵਿੱਚ ਸੂਚਨਾ ਦਾ ਪ੍ਰਸਾਰ, ਵਿਸਤਾਰ ਅਤੇ ਸੰਚਾਰ;
(iv) ਸੂਚਨਾ ਪ੍ਰਣਾਲੀਆਂ ਅਤੇ ਸੇਵਾਵਾਂ – ਦਸਤੀ ਅਤੇ ਮਸ਼ੀਨੀ – ਦਾ ਰੇਖਾ-ਚਿੱਤਰ, ਵਿਕਾਸ ਅਤੇ ਪ੍ਰਬੰਧ; ਅਤੇ,
(v) ਸੂਚਨਾ ਵਿੱਚ ਸਿੱਖਿਆ ਅਤੇ ਖੋਜ; ਇਤਿਆਦਿ।

### 2.1.5 ਸੂਚਨਾ ਵਿਗਿਆਨ ਦਾ ਕਾਰਜ-ਖੇਤਰ (Scope of Information Science) :

ਪੇਸ਼ੇ ਸਬੰਧੀ ਸਾਹਿਤ ਵਿੱਚ ਸ਼ਬਦ 'ਸੂਚਨਾ ਵਿਗਿਆਨ' ਕਾਰਜ-ਖੇਤਰ ਅਤੇ ਵਿਸ਼ਾ-ਵਸਤੂ ਨਿਸ਼ਚਿਤ ਕੀਤੇ ਬਿਨਾ ਵਰਤਿਆ ਜਾ ਰਿਹਾ ਹੈ। ਬਹੁਤ ਸਾਰੇ ਸੂਚਨਾ ਵਿਗਿਆਨੀਆਂ ਨੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਬੇਫ਼ਾਇਦਾ ਰਿਹਾ।

ਸੂਚਨਾ ਵਿਗਿਆਨ ਲਈ ਸੰਕਲਪਵਾਦੀ ਪਹੁੰਚ ਵਿਚਾਰਨ ਤੋਂ ਪਹਿਲਾਂ ਇਹ ਫੈਸਲਾ ਕਰ ਲੈਣਾ ਜ਼ਰੂਰੀ ਹੈ ਕਿ ਕੀ ਇਸਦਾ ਕਾਰਜ-ਖੇਤਰ ਅਤੇ ਵਿਸ਼ਾ-ਵਸਤੂ ਨਿਸ਼ਚਿਤ ਕਰਨ ਦੀ ਲੋੜ ਹੈ। ਇਸ ਸਬੰਧ ਵਿੱਚ ਇਕ ਵੇਰ ਸ਼ੇਰਾ (Shera) ਨੇ ਕਿਹਾ ਸੀ ਕਿ ''ਕਿਸੇ ਵਿਵਸਾਇ ਦੀ ਪਹਿਲੀ ਜ਼ਿੰਮੇਵਾਰੀ ਆਪਣੇ-ਆਪ ਨੂੰ ਜਾਣਨਾ ਹੈ, ਜਿਸਦਾ ਅਰਥ ਹੈ ਪਹਿਲਾਂ ਜਾਣ ਲਵੋ ਵਿਵਸਾਇ ਹੈ ਕੀ, ਦੂਜਾ ਜਾਣੋ ਇਹ ਵਿਵਸਾਇ ਕਿਸ ਪ੍ਰਕਾਰ ਦਾ ਹੈ, ਅਤੇ ਤੀਜਾ ਜਾਣ ਲਵੋ ਕਿ ਬਾਕੀ ਵਿਵਸਾਇ ਨਾਲੋਂ ਇਹ ਕਿਸ ਤਰ੍ਹਾਂ ਭਿੰਨ ਹੈ।''

ਇੱਕ ਵਿਚਾਰਧਾਰਾ ਦਾ ਵਿਸ਼ਵਾਸ ਹੈ ਕਿ ਸੂਚਨਾ ਵਿਗਿਆਨ ਇੱਕ ਸੁਤੰਤਰ ਵਿਸ਼ੇ ਦੇ ਰੂਪ ਵਿੱਚ ਉਤਪੰਨ ਹੋਈ ਹੈ, ਜਦੋਂ ਕਿ ਦੂਜੀ ਵਿਚਾਰਧਾਰਾ ਦਾ ਯਕੀਨ ਹੈ ਕਿ ਇਹ ਲਾਇਬ੍ਰੇਰੀਅਨਸ਼ਿਪ ਨਾਲ ਸਬੰਧਤ ਕ੍ਰਿਆਵਾਂ ਦਾ ਵਿਸਤਾਰਨ ਹੈ। ਉਪਰੋਕਤ ਦਿੱਤੀਆਂ ਪਰਿਭਾਸ਼ਾਵਾਂ ਤੋਂ ਇਹ ਗੱਲ ਬਹੁਤ ਸਪੱਸ਼ਟ ਹੋ ਜਾਂਦੀ ਹੈ ਕਿ ਸੂਚਨਾ ਵਿਗਿਆਨ ਬਹੁਤ ਮਹੱਤਵ ਵਾਲਾ ਅਤੇ ਨਵੇਂ ਬੁੱਧੀਮਾਨ ਵਿਸ਼ੇ ਦੇ ਰੂਪ ਵਿੱਚ ਉਤਪੰਨ ਹੋਇਆ ਹੈ, ਜੋ ਸਾਰੇ ਰਵਾਇਤੀ ਵਿਸ਼ਿਆਂ ਦੀ ਸੀਮਾ ਤੋਂ ਅੱਗੇ ਨਿਕਲਦਾ ਹੈ।

ਸੂਚਨਾ ਵਿਗਿਆਨ ਸੂਚਨਾ ਦੇ ਪ੍ਰਬੰਧ ਵਾਸਤੇ ਆਧੁਨਿਕ ਤਕਨਾਲੋਜੀ ਅਤੇ ਵਿਗਿਆਨਕ ਢੰਗ ਦੀ ਵਰਤੋਂ ਉਪਰ ਬਹੁਤ ਬਲ ਦਿੰਦਾ ਹੈ। ਇਸ ਲਈ ਸੂਚਨਾ ਵਿਗਿਆਨ ਦੇ ਬਹੁਤੇ ਪਾਠ-ਕ੍ਰਮਾਂ ਵਿੱਚ ਲਾਇਬ੍ਰੇਰੀ ਸਵੈਚਲਣ, ਕੰਪਿਊਟਰ ਪ੍ਰਕਿਰਿਆ, ਪ੍ਰਣਾਲੀ ਵਿਸ਼ਲੇਸ਼ਣ, ਪ੍ਰਣਾਲੀ ਨਮੂਨਾ, ਕੰਪਿਊਟਰ ਪ੍ਰੋਗਰਾਮਿੰਗ ਅਤੇ ਹੋਰ ਸਬੰਧਤ ਵਿਸ਼ੇ ਸ਼ਾਮਿਲ ਕੀਤੇ ਜਾਂਦੇ ਹਨ।

ਮੌਜੂਦਾ ਸਮੇਂ ਵਿੱਚ ਸੂਚਨਾ ਵਿਗਿਆਨ ਵਿੱਚ ਸੂਚਨਾ ਸਿਧਾਂਤ, ਸਿਸਟਮ ਸਿਧਾਂਤ ਅਤੇ ਸੂਚਨਾ ਦੇ ਮਨੋਵਿਗਿਆਨਕ ਅਤੇ ਸਮਾਜਕ ਪੱਖ ਅਤੇ ਦਾਰਸ਼ਨਿਕ ਰੁਚੀਆਂ, ਨੈਟਵਰਕ, ਗਣਿਤ, ਇੰਜੀਨੀਅਰਿੰਗ ਅਤੇ ਭਾਸ਼ਾ ਵਿਗਿਆਨ ਸ਼ਾਮਲ ਕਰਨ ਸਬੰਧੀ ਸਹਿਮਤੀ ਵਧ ਰਹੀ ਹੈ। ਬਹੁਤ ਸਾਰੇ ਵਿਦਵਾਨ ਸੰਚਾਰ ਨੂੰ ਵੀ ਸੂਚਨਾ ਵਿਗਿਆਨ ਦਾ ਮਹੱਤਵਪੂਰਣ ਪਹਿਲੂ ਮੰਨਦੇ ਹਨ।

ਅਨੇਕ ਵਿਸ਼ਿਆਂ ਦਾ ਸੂਚਨਾ ਵਿਗਿਆਨ ਉਪਰ ਪ੍ਰਭਾਵ ਪੈਂਦਾ ਹੈ, ਜੋ ਹੇਠ ਲਿਖੇ ਅਨੁਸਾਰ ਹੈ :-

1. **ਦਰਸ਼ਨ ਵਿਗਿਆਨ ਅਤੇ ਤਰਕ-ਸ਼ਾਸਤਰ (Philosophy and Logic) :-** ਸੂਚਨਾ ਦੀ ਉਤਪਤੀ ਅਤੇ ਵਿਕਾਸ ਲਈ ਇਹ ਸਾਧਨ ਵਿਸ਼ੇ ਹਨ। ਦਰਸ਼ਨ ਸ਼ਾਸਤਰ ਮਨੁੱਖੀ ਕ੍ਰਿਆਵਾਂ ਦੀਆਂ ਭਿੰਨ ਸ਼ਾਖ਼ਾਵਾਂ ਦੇ ਮਗਰਲੇ ਅਸੂਲਾਂ ਨਾਲ ਸਬੰਧਤ ਹੈ, ਜਦਕਿ ਤਰਕ-ਸ਼ਾਸਤਰ ਵਰਗੀਕਰਣ ਅਤੇ ਅਨੁਕ੍ਰਮਣਿਕਰਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ।
2. **ਚਿੰਨ੍ਹ-ਵਿਗਿਆਨ ਅਤੇ ਭਾਸ਼ਾ-ਵਿਗਿਆਨ (Semiology and Linguistics) :-** ਇਨ੍ਹਾਂ ਦਾ ਸਬੰਧ ਪ੍ਰਲੇਖੀ ਭਾਸ਼ਾਵਾਂ, ਅਨੁਕ੍ਰਮਣਿਕਰਣ, ਮਸ਼ੀਨੀ ਅਨੁਵਾਦ, ਸਵੈਚਲਤ ਅਨੁਕ੍ਰਮਣਿਕਰਣ ਅਤੇ ਬਣਾਵਟੀ ਬੁੱਧੀ (AI) ਨਾਲ ਸਬੰਧਤ ਸਮੱਸਿਆਵਾਂ ਨਾਲ ਪੇਸ਼ ਆਉਂਦੇ ਹਨ।
3. **ਕੰਪਿਊਟਰ ਵਿਗਿਆਨ (Computer Science) :-** ਸੰਚਾਰ-ਨਿਯੰਤ੍ਰਣ ਵਿਗਿਆਨ ਅਤੇ ਪ੍ਰਕਿਰਿਆ ਖੋਜ (OR) ਨਾਲ ਮਿਲਕੇ ਇਹ ਸੂਚਨਾ ਪ੍ਰਕਿਰਿਆ ਦੇ ਵਿਕਾਸ ਅਤੇ ਅਧਿਐਨ ਵਿੱਚ ਮਦਦ ਕਰਦਾ ਹੈ।
4. **ਮਨੋਵਿਗਿਆਨ ਅਤੇ ਵਿਵਹਾਰਕ ਵਿਗਿਆਨ (Psychology and Behavioural Sciences) :-** ਇਹ ਵਿਸ਼ੇ ਗਿਆਨ ਸੰਚਾਰ ਵਿੱਚ ਸ਼ਾਮਿਲ ਮਨੁੱਖੀ ਕ੍ਰਿਆ ਜਿਵੇਂ ਸੰਚਾਰ ਪ੍ਰਕਿਰਿਆ, ਸਿੱਖਣ ਪ੍ਰਕਿਰਿਆ, ਵਰਤੋਂਕਾਰਾਂ ਦੀਆਂ ਲੋੜਾਂ ਦਾ ਵਿਸ਼ਲੇਸ਼ਣ ਅਤੇ ਮਨੁੱਖ-ਮਸ਼ੀਨ ਕ੍ਰਿਆ ਉਪਰ ਰੋਸ਼ਨੀ ਪਾਉਂਦੇ ਹਨ।
5. **ਪ੍ਰਬੰਧ ਵਿਗਿਆਨ (Management Science) :-** ਇਹ ਪ੍ਰਣਾਲੀ ਵਿਸ਼ਲੇਸ਼ਣ ਰਾਹੀਂ ਪ੍ਰਣਾਲੀ ਵਿਉਂਤ ਅਤੇ ਪ੍ਰਣਾਲੀ ਪ੍ਰਬੰਧ ਨੂੰ ਨਿਪੁੰਨ ਕਰਨ ਵਿੱਚ ਮਦਦ ਕਰਦਾ ਹੈ।
6. **ਗਣਿਤ ਅਤੇ ਅੰਕੜਾ ਵਿਗਿਆਨ (Mathematics and Statistics) :-** ਇਹ ਵਿਸ਼ੇ ਪ੍ਰੋਗਰਾਮਿੰਗ ਵਿੱਚ, ਅਤੇ ਲਾਗਤ ਦੇ ਅਨੁਮਾਨ ਅਤੇ ਕਾਰਜ-ਕੁਸ਼ਲਤਾ ਮੁਲਾਂਕਣ ਲਈ ਸੂਚਨਾ ਦੀ ਆਰਥਿਕਤਾ ਦਾ ਅਧਿਐਨ ਕਰਨ ਵਿੱਚ ਮਦਦ ਕਰਦੇ ਹਨ।
7. **ਸਿੱਖਿਆ ਵਿਗਿਆਨ (Education Sciences) :-** ਸਮੂਹ ਪਾਠਕਾਂ ਅਤੇ ਪੇਸ਼ੇ ਲਈ ਆਪਣੇ ਲਈ ਸਿੱਖਿਆ ਅਤੇ ਸਿਖਲਾਈ ਪ੍ਰੋਗਰਾਮਾਂ ਦਾ ਆਯੋਜਨ ਕਰਨ ਵਿੱਚ ਸਹਾਈ ਹੁੰਦੇ ਹਨ।

8. **ਕਾਨੂੰਨੀ ਵਿਗਿਆਨ (Legal Sciences) :–** ਸੂਚਨਾ ਪ੍ਰਕਿਰਿਆ, ਭੰਡਾਰਣ, ਸੰਚਾਰ ਅਤੇ ਪ੍ਰਯੋਗ ਦੇ ਕਾਨੂੰਨੀ ਪੱਖਾਂ ਦੀ ਇਹ ਪੜਤਾਲ ਕਰਨ ਦਾ ਯਤਨ ਕਰਦੇ ਹਨ।
9. **ਸਮਾਜ ਵਿਗਿਆਨ (Sociology) :–** ਇਹ ਸੂਚਨਾ ਦੇ ਸਮਾਜਕ ਪੱਖਾਂ ਨੂੰ ਵਿਚਾਰਨ ਵਿੱਚ, ਅਤੇ ਪਾਠਕਾਂ ਦੀਆਂ ਲੋੜਾਂ ਸਮਝਣ ਵਿੱਚ ਮਦਦ ਕਰਦੀ ਹੈ ਤਾਂ ਕਿ ਉਨ੍ਹਾਂ ਦੀਆਂ ਅਭਿਲਾਸ਼ਾਵਾਂ ਪੂਰੀਆਂ ਕਰਨ ਲਈ ਇਨ੍ਹਾਂ ਦਾ ਸੂਚਨਾ ਸ੍ਰੋਤਾਂ ਨਾਲ ਏਕੀਕਰਣ ਕੀਤਾ ਜਾ ਸਕੇ।

ਉਪਰੋਕਤ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਸੂਚਨਾ ਵਿਗਿਆਨ ਨੂੰ ਆਰੰਭ ਤੋਂ ਹੀ ਉਦੇਸ਼ ਰੁਚੀ ਵਾਲਾ ਵਰਣਨ ਕੀਤਾ ਗਿਆ ਹੈ, ਬੇਸ਼ਕ ਇਸਦਾ ਨਾਮ ਲਾਇਬ੍ਰੇਰੀ ਵਿਗਿਆਨ ਤੋਂ ਪ੍ਰਲੇਖਨ ਤੋਂ ਸੂਚਨਾ ਵਿਗਿਆਨ ਤੱਕ ਬਦਲਦਾ ਰਿਹਾ ਹੈ। ਯੂ.ਐਸ. ਵਿੱਚ ਸੂਚਨਾ ਵਿਗਿਆਨ ਨੂੰ ਪ੍ਰਲੇਖਨ ਦਾ ਵਿਸਤਾਰਨ ਸਮਝਿਆ ਜਾਂਦਾ ਰਿਹਾ, ਇਸ ਲਈ 'ਪ੍ਰਲੇਖਨ' ਦੀ ਥਾਂ 'ਸੂਚਨਾ ਵਿਗਿਆਨ' ਨੇ ਲੈ ਲਈ। ਫਲਸਰੂਪ, 'ਦ ਅਮੇਰਿਕਨ ਡਾਕੂਮੈਨਟੇਸ਼ਨ ਇੰਸਟੀਚਿਊਟ' ਦਾ ਮੁੜਕੇ 'ਦ ਅਮੇਰਿਕਨ ਸੋਸਾਇਟੀ ਫ਼ਾਰ ਇਨਫ਼ਾਰਮੇਸ਼ਨ ਸਾਇੰਸ' ਨਾਮ ਰੱਖ ਦਿੱਤਾ।

ਸਮਾਂ ਪਾਕੇ ਸੂਚਨਾ ਵਿਗਿਆਨ ਦਾ ਕਾਰਜ-ਖੇਤਰ ਲਾਇਬ੍ਰੇਰੀਆਂ ਤੋਂ ਬਿਨਾ ਵੀ ਹੋਰ ਪ੍ਰਸੰਗ ਵਿੱਚ ਸੂਚਨਾ ਸੁਵਿਧਾ ਸ਼ਾਮਿਲ ਕਰਨ ਨਾਲ ਵਿਸਤ੍ਰਿਤ ਹੁੰਦਾ ਗਿਆ।

ਸੂਚਨਾ ਦੇ ਕਾਰਜ-ਖੇਤਰ ਬਾਰੇ ਟਿੱਪਣੀ ਕਰਦੇ ਹੋਏ ਟੇਲਰ (Taylor) ਨੇ ਰਾਇ ਦਿੱਤੀ ਕਿ ਇਹ ''ਸੰਦੇਸ਼ ਉਤਪਤੀ, ਭੰਡਾਰਣ, ਪ੍ਰਬੰਧਨ, ਸੰਰਚਨਾ, ਛਾਣਨਾ ਅਤੇ ਸੰਚਾਰ ਕਰਨ ਦੀ ਅਸਾਧਾਰਣ ਵਸਤੂ ਨਾਲ ਸੰਬੰਧਤ ਹੈ .... ਇਸਦਾ ਉਦੇਸ਼ ਸਪੱਸ਼ਟ ਕਰਨਾ, ਕਹਿਣਾ, ਅਤੇ ਸੰਚਾਰ ਵਾਤਾਵਰਣ ਅਤੇ ਸੂਚਨਾ ਪ੍ਰਣਾਲੀਆਂ ਨਾਲ ਪ੍ਰਾਸੰਗਿਕ ਪਰਿਕਲਪਨਾਵਾਂ ਨੂੰ ਪਰਖਣ ਨਾਲ ਸਬੰਧਤ ਹੈ।'' ਇਸ ਤਰ੍ਹਾਂ ਸੂਚਨਾ ਵਿਗਿਆਨ ਦਾ ਕਾਰਜ-ਖੇਤਰ ਖ਼ਾਸ ਤੌਰ 'ਤੇ ਵਿਸਤ੍ਰਿਤ ਹੋਇਆ ਹੈ।

### 2.1.6 ਵਿਸ਼ੇ ਦੇ ਰੂਪ ਵਿੱਚ ਸੂਚਨਾ ਵਿਗਿਆਨ (Information Science as a Discipline) :

ਉਪਰੋਕਤ ਕੀਤੀ ਚਰਚਾ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਸੂਚਨਾ ਵਿਗਿਆਨ ਅੰਤਰ-ਵਿਸ਼ਾ ਪ੍ਰਕਿਰਤੀ ਦਾ ਵਿਸ਼ਾ ਹੈ। ਇਹ ਇੱਕ ਨਵੇਂ ਦ੍ਰਿਸ਼ਟੀਕੋਣ ਤੋਂ ਵਿਅਕਤੀ ਸੂਚਨਾ ਅਮਲ ਇਸ ਢੰਗ ਨਾਲ ਕਰਦੇ ਹਨ, ਸੰਕਲਪ ਕਿਵੇਂ ਬਣਦੇ ਹਨ, ਭਾਸ਼ਾ ਦੀ ਸੰਰਚਨਾ ਅਤੇ ਵਰਤੋਂ ਦੇ ਢੰਗਾਂ ਨਾਲ ਸਬੰਧਤ ਹੈ। ਸੂਚਨਾ ਵਿਗਿਆਨ ਦੇ ਵਿਸ਼ਾ ਹੋਣ ਦੀ ਪਦਵੀ ਸਬੰਧੀ ਦੋ ਭਿੰਨ ਵਿਚਾਰਧਾਰਾਵਾਂ ਹੋਣ ਦੇ ਬਾਵਜੂਦ, ਬਹੁਤਿਆਂ ਦਾ ਵਿਸ਼ਵਾਸ ਹੈ ਕਿ ਇਸਦਾ ਲਾਇਬ੍ਰੇਰੀ ਵਿਗਿਆਨ ਨਾਲ ਮਜ਼ਬੂਤ ਸੰਬੰਧ ਹੈ।

ਸਵੈਨਸਨ (Swanson) ਨੇ ਦੱਸਿਆ ਕਿ ''ਸੂਚਨਾ ਵਿਗਿਆਨ, ਸੂਚਨਾ ਤਕਨਾਲੋਜੀ, ਸੂਚਨਾ ਮੁੜ-ਪ੍ਰਾਪਤੀ ਅਤੇ ਪ੍ਰਲੇਖਨ ਦੇ ਖੇਤਰਾਂ ਨੂੰ ਅਲੱਗ ਵਿਸ਼ਿਆਂ ਦੇ ਰੂਪ ਵਿੱਚ ਨਹੀਂ, ਸਗੋਂ ਸੂਚਨਾ ਵਿਗਿਆਨ ਦੇ ਅਨਿੱਖੜਵੇਂ ਅੰਗ ਦੇ ਰੂਪ ਵਿੱਚ ਸਮਝਿਆ ਜਾਵੇਗਾ ......। ਇਸ ਤਰ੍ਹਾਂ ਸੂਚਨਾ ਵਿਗਿਆਨ ਲਾਇਬ੍ਰੇਰੀ ਵਿਗਿਆਨ ਦਾ ਹਿੱਸਾ ਹੈ ਜਾਂ ਇਸਦੇ ਉਲਟ, ਅਸੀਂ ਇਸ ਨਾਲ ਸਬੰਧਤ ਨਹੀਂ।''

ਰੇਅਨੋਲਡਜ਼ ਅਤੇ ਡੇਨੀਅਲ (Reynolds and Daniel) ਦਾ ਵਿਚਾਰ ਹੈ ਕਿ ਸੂਚਨਾ ਵਿਗਿਆਨ ਅਤੇ ਲਾਇਬ੍ਰੇਰੀਅਨਸ਼ਿਪ ਪਾਠਕ ਨੂੰ ਸੂਚਨਾ ਉਪਲਬਧ ਕਰਨ ਦੀ ਉਸੇ ਲੋੜ ਵਿੱਚੋਂ ਉਤਪੰਨ ਹੋਏ ਹਨ।

ਟੇਲਰ (Taylor) ਨੇ ਬਲਪੂਰਵਕ ਕਿਹਾ ਹੈ ਕਿ ਸੂਚਨਾ ਵਿਗਿਆਨ ਤਕਨਾਲੋਜੀ ਰਾਹੀਂ ਲਾਇਬ੍ਰੇਰੀ ਨਾਲ ਹੀ ਸਬੰਧਤ ਹੈ ...। ਬਹੁਤ ਸਾਰੇ ਸੂਖ਼ਮ ਖੇਤਰਾਂ ਵਿੱਚ ਸੂਚਨਾ ਵਿਗਿਆਨ ਅਤੇ ਤਕਨਾਲੋਜੀ ਲਾਇਬ੍ਰੇਰੀ ਵਿਗਿਆਨ ਅਤੇ ਲਾਇਬ੍ਰੇਰੀ ਵਿੱਦਿਆ ਨਾਲ ਪਰਸਪਰ ਪ੍ਰਭਾਵ ਪਾਉਂਦੇ ਹਨ, ਜਿਵੇਂ ਪ੍ਰਣਾਲੀ ਵਿਸ਼ਲੇਸ਼ਣ; ਵਾਤਾਵਰਣ ਪ੍ਰਸੰਗ; ਸੂਚਨਾ ਮਾਧਿਅਮ; ਵਰਗੀਕਰਣ ਪ੍ਰਕਿਰਿਆ; ਅਤੇ ਮੁੱਖ ਪ੍ਰਣਾਲੀ।

ਸੂਚਨਾ ਵਿਗਿਆਨ ਦੇ ਦਰਜੇ ਸਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਸੂਚਨਾ ਵਿਗਿਆਨ ਵਰਤੋਂ ਲਈ ਸੂਚਨਾ ਵਿਵਸਥਿਤ ਕਰਨ ਨਾਲ ਸਬੰਧਤ ਹੈ ਅਤੇ ਲਾਇਬ੍ਰੇਰੀਅਨਸ਼ਿਪ ਅਤੇ ਸੂਚਨਾ ਵਿਗਿਆਨ ਇੱਕੋ ਲੋੜ ਵਿੱਚੋਂ ਉਤਪੰਨ ਹੋਏ ਹਨ, ਸਿਰਫ਼ ਗਾਹਕ ਦੇ ਸੁਭਾਅ ਅਤੇ ਸੂਚਨਾ ਲੋੜ ਦੀ ਤੀਬਰਤਾ ਦੇ ਦਰਜੇ ਦਾ ਫ਼ਰਕ ਹੈ।

### 2.1.7 ਸਾਰ (Conclusion) :

ਇਹ ਪਾਠ ਨਵੇਂ ਵਿਸ਼ੇ ਦੇ ਤੌਰ 'ਤੇ ਸੂਚਨਾ ਵਿਗਿਆਨ ਦੀ ਉਤਪਤੀ ਲਈ ਜ਼ਿੰਮੇਵਾਰ ਤੱਤਾਂ ਦਾ ਵਰਣਨ, ਵਿਸ਼ੇਸ਼ ਕਰਕੇ ਕੰਪਿਊਟਰ ਦੀ ਈਜ਼ਾਦ ਦੇ ਸੰਦਰਭ ਵਿੱਚ ਕਰਦਾ ਹੈ। ਸੂਚਨਾ ਵਿਗਿਆਨ ਦੀਆਂ ਭਿੰਨ-ਭਿੰਨ

ਪਰਿਭਾਸ਼ਾਵਾਂ ਉਪਲਬਧ ਕੀਤੀਆਂ ਹਨ, ਜਿਨ੍ਹਾਂ ਵਿੱਚ ਇਸਦੇ ਲਾਇਬ੍ਰੇਰੀ ਵਿਗਿਆਨ ਵਿੱਚੋਂ ਜਾਂ ਸੁਤੰਤਰ ਰੂਪ ਵਿੱਚ ਉਤਪਤੀ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਹਨ, ਜਦਕਿ ਰੂਸ ਦੇ ਵਿਦਵਾਨਾਂ ਨੇ ਪ੍ਰਕਿਰਿਆਵਾਂ ਦੀ ਸਮੁੱਚੀ ਲੜੀ ਵਾਸਤੇ ਨਵਾਂ ਪਦ 'ਇਨਫ਼ਾਰਮੈਟਿਕਸ' ਘੜ ਲਿਆ ਹੈ। ਸੂਚਨਾ ਸੰਚਾਰ ਨਾਲ ਜੋੜਕੇ ਸੂਚਨਾ ਵਿਗਿਆਨ ਦੀ ਪ੍ਰਕਿਰਤੀ ਦੀ ਚਰਚਾ ਕਰਦਾ ਹੈ। ਸੂਚਨਾ ਵਿਗਿਆਨ ਦਾ ਕਾਰਜ ਖੇਤਰ, ਦੂਜੇ ਵਿਸ਼ਿਆਂ ਦੇ ਇਸ ਉਪਰ ਪ੍ਰਭਾਵ ਦੇ ਹਵਾਲੇ ਨਾਲ ਬਿਆਨ ਕਰਦੇ ਹੋਏ ਇਸਦੇ ਕਾਰਜ-ਖੇਤਰ ਦੇ ਵਿਸਤ੍ਰਿਤ ਹੋਣ ਦੀ ਗੱਲ ਕਰਦਾ ਹੈ।

### 2.1.8 ਸਵੈ-ਪੜਤਾਲ ਅਭਿਆਸ :

1. ਵਿਸ਼ੇ ਦੇ ਰੂਪ ਵਿੱਚ ਸੂਚਨਾ ਵਿਗਿਆਨ ਦੀ ਵਿਆਖਿਆ ਕਰੋ।
2. ਸੂਚਨਾ ਵਿਗਿਆਨ ਦੇ ਕਾਰਜ ਖੇਤਰ ਉਪਰ ਲੇਖ ਲਿਖੋ।
3. ਸੂਚਨਾ ਵਿਗਿਆਨ ਨੂੰ ਪਰਿਭਾਸ਼ਿਤ ਕਰੋ ਅਤੇ ਇਸਦੀ ਪ੍ਰਕਿਰਤੀ ਬਿਆਨ ਕਰੋ।
4. ਸੂਚਨਾ ਵਿਗਿਆਨ ਨਾਲ ਸਬੰਧਤ ਵਿਸ਼ਿਆਂ ਦਾ ਉੱਲੇਖ ਕਰੋ।

### 2.1.9 ਹਵਾਲੇ :

1. Curas, Emilia, *Towards a Theory of Information Science,* New Delhi : BRPC, 2002.
2. Foskett, D.J., "Information Science as an Emerging Discipline", *Journal of Documentation,* 34 (1) 1978 : 55-85.
3. Vickery, Brain and Vickery, Alnia, *Information Science in Theory and Practice,* Ed3, 2004.
4. Viswanathan, C.G., *Elements of Information Science,* Technology. Ed2, 1986.
5. Prasher, R.G. : Information and its Communication. Ed2. 2003.

### 2.1.10 ਸਵੈ-ਪੜਤਾਲ ਅਭਿਆਸ ਦੇ ਉੱਤਰ :

1. ਵੇਖੋ ਭਾਗ 7.6
2. ਵੇਖੋ ਭਾਗ 7.5
3. ਵੇਖੋ ਭਾਗ 7.3 ਅਤੇ 7.4
4. ਵੇਖੋ ਭਾਗ 7.5

**ਪਾਠ ਨੰ. : 2.2** **ਲੇਖਕ : ਪ੍ਰੋ. (ਡਾ.) ਸੇਵਾ ਸਿੰਘ**

# ਸੂਚਨਾ ਜੀਵਨ-ਚੱਕਰ : ਉਤਪੱਤੀ, ਪ੍ਰਾਪਤੀ, ਪ੍ਰਕਿਰਿਆ, ਭੰਡਾਰਨ, ਪ੍ਰਸਾਰ ਅਤੇ ਵਰਤੋਂ

**(Information Life-Cycle : Generation, Acquisition, Processing, Storage, Dissemination and Use)**

**ਸੰਰਚਨਾ :**

2.2.0 ਉਦੇਸ਼
2.2.1 ਜਾਣ-ਪਛਾਣ
2.2.2 ਸੂਚਨਾ ਦੀ ਉਤਪੱਤੀ
  2.2.2.1 ਲੇਖਕ
  2.2.2.2 ਸੰਪਾਦਕ
  2.2.2.3 ਪ੍ਰਕਾਸ਼ਕ
  2.2.2.4 ਡਾਟਾਬੇਸ ਉਤਪਾਦਕ
  2.2.2.5 ਲਾਇਬ੍ਰੇਰੀਆਂ
  2.2.2.6 ਸੂਚਨਾ ਵਿਸ਼ਲੇਸ਼ਣ ਕੇਂਦਰ
  2.2.2.7 ਸੂਚਨਾ ਨੈਟਵਰਕ
2.2.3 ਸੂਚਨਾ ਪ੍ਰਾਪਤੀ ਅਤੇ ਪ੍ਰਕਿਰਿਆ
  2.2.3.1 ਵਰਗੀਕਰਣ
  2.2.3.2 ਅਨੁਕ੍ਰਮਣਿਕਰਣ
2.2.4 ਸੂਚਨਾ ਸੰਗ੍ਰਹਿਣ
2.2.5 ਸੂਚਨਾ ਦਾ ਤਬਾਦਲਾ
  2.2.5.1 ਮੁੜ-ਪ੍ਰਾਪਤੀ ਅਤੇ ਪ੍ਰਸਾਰ
2.2.6 ਸੂਚਨਾ ਦੀ ਵਰਤੋਂ
2.2.7 ਸਾਰ
2.2.8 ਸਵੈ-ਪੜਤਾਲ ਅਭਿਆਸ
2.2.9 ਹਵਾਲੇ
2.2.10 ਸਵੈ-ਪੜਤਾਲ ਅਭਿਆਸ ਦੇ ਹੱਲ।

## 2.2.0 ਉਦੇਸ਼ (Objective) :

ਇਹ ਪਾਠ ਪੜ੍ਹਨ ਉਪਰੰਤ ਤੁਸੀਂ ਜਾਣਨ ਦੇ ਯੋਗ ਹੋਵੋਗੇ :-

1. ਸੂਚਨਾ ਕਿਸ ਤਰ੍ਹਾਂ ਪੈਦਾ, ਪ੍ਰਾਪਤ, ਅਤੇ ਤਿਆਰ ਕੀਤੀ ਜਾਂਦੀ ਹੈ; ਅਤੇ
2. ਇਹ ਕਿਸ ਤਰ੍ਹਾਂ ਸਾਂਭੀ ਜਾਂਦੀ ਹੈ ਅਤੇ ਸੰਚਾਰਤ ਕੀਤੀ ਜਾਂਦੀ ਹੈ, ਜਿਸ ਨਾਲ ਜੀਵਨ-ਚੱਕਰ ਪੂਰਾ ਹੁੰਦਾ ਹੈ ਅਤੇ ਨਵਾਂ ਜੀਵਨ-ਚੱਕਰ ਆਰੰਭ ਹੁੰਦਾ ਹੈ।

## 2.2.1 ਜਾਣ-ਪਛਾਣ (Introduction) :

ਆਧੁਨਿਕ ਸਮੇਂ ਵਿੱਚ ਸੂਚਨਾ ਨੂੰ ਆਰਥਕ ਸਾਧਨ ਸਮਝਿਆ ਜਾਂਦਾ ਹੈ, ਇਸ ਲਈ ਇਹ ਦੇਸ਼ ਦੇ ਵਿਕਾਸ ਲਈ ਸ਼ਕਤੀ ਅਤੇ ਰਸਤਾ ਹੈ। ਕੋਈ ਦੇਸ਼ ਅਲੱਗ ਰਹਿਕੇ ਸੂਚਨਾ ਅਤੇ ਸੰਚਾਰ ਤਕਨਾਲੋਜੀ ਵਿੱਚ ਹੋ ਰਹੇ

ਤੇਜ਼ ਗਤੀ ਦੇ ਵਿਕਾਸ ਨੂੰ ਅਣਡਿੱਠ ਨਹੀਂ ਕਰ ਸਕਦਾ। ਅੱਜ ਲੋਕਾਂ ਨੂੰ ਕਿਸੇ ਇੱਕ ਵਿਸ਼ੇ ਉਪਰ ਭਿੰਨ ਰੂਪਾਂ ਵਿੱਚ ਭਿੰਨ ਤੀਬਰਤਾ ਨਾਲ ਅਤੇ ਵਿਆਖਿਆ ਦੀ ਭਿੰਨ ਗੂੜ੍ਹਤਾ ਵਾਲੀ ਸੂਚਨਾ ਲੋੜੀਂਦੀ ਹੁੰਦੀ ਹੈ।

ਹੈਰਡਜ਼ ਲਾਇਬ੍ਰੇਰੀਅਨਜ਼ ਗਲਾਸਰੀ ਐਂਡ ਰੈਫਰੈਂਸ ਬੁੱਕ (1990) ਅਨੁਸਾਰ ਸੂਚਨਾ, ''ਤੱਥਾਂ ਦੀ ਸਰਬ-ਵਿਆਪਕ ਰੂਪ ਵਿੱਚ ਸੰਚਾਰਯੋਗ ਇਕੱਤਰਤਾ ਹੈ।'' ਕਲੀਵਲੈਂਡ (Cleveland) ਅਨੁਸਾਰ, ''ਸੂਚਨਾ, ਤੱਥਾਂ ਅਤੇ ਵਿਚਾਰਾਂ, ਪਹੁੰਚਣਯੋਗ ਹੋਣ ਜਾਂ ਨਾ, ਜੋ ਕਿਸੇ ਸਮੇਂ ਕਿਸੇ ਨੂੰ ਉਪਲਬਧ ਹੋਣ, ਦਾ ਕੁੱਲ ਜੋੜ ਦਾ ਕੇਂਦਰੀ ਭਾਗ ਹੈ।'' ਸ਼ੇਰਾ (Shera) ਅਨੁਸਾਰ ਸਾਧਾਰਣ ਅਰਥ ਵਿੱਚ ''ਸੂਚਨਾ, ਉਹ ਹੈ, ਜੋ ਸੰਚਾਰ ਕ੍ਰਿਆ ਰਾਹੀਂ ਇੱਕ ਥਾਂ ਤੋਂ ਦੂਜੀ ਥਾਂ ਭੇਜੀ ਜਾ ਸਕੇ, ਇਹ ਭਾਵੇਂ ਸੁਨੇਹਾ ਹੋਵੇ, ਸੰਕੇਤ, ਜਾਂ ਉਤੇਜਕ ਵਸਤੂ ਹੋਵੇ।''

ਸੂਚਨਾ, ਕਿਉਂਕਿ ਸਰਬ-ਵਿਆਪਕ ਹੈ, ਮੁੱਢਲਾ ਸਾਧਨ ਹੈ, ਸ਼ਕਤੀ ਹੈ, ਸਾਨੂੰ ਇਸਦੀ ਉਤਪੱਤੀ, ਭੰਡਾਰਣ, ਅਤੇ ਪ੍ਰਸਾਰਣ ਬਾਰੇ ਦੇਖਣ ਦੀ ਲੋੜ ਹੈ।

### 2.2.2 ਸੂਚਨਾ ਦੀ ਉਤਪੱਤੀ (Generation of Information) :

ਉਹ ਸੂਚਨਾ, ਜੋ ਖੋਜ ਰਾਹੀਂ, ਸਰਕਾਰੀ ਕ੍ਰਿਆਵਾਂ, ਆਦਿ ਰਾਹੀਂ ਉਤਪੰਨ ਕੀਤੀ ਜਾਂਦੀ ਹੈ, ਉਹ ਭਿੰਨ-ਭਿੰਨ ਮੂਲ, ਦੂਜੇ, ਅਤੇ ਤੀਜੇ ਦਰਜੇ ਦੇ ਸ੍ਰੋਤਾਂ ਵਿੱਚ ਸ਼ਾਮਿਲ ਹੁੰਦੀ ਹੈ। ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰ ਖੋਜਾਰਥੀਆਂ ਅਤੇ ਵਿਗਿਆਨੀਆਂ ਦੀ ਵਰਤੋਂ ਲਈ ਇਨ੍ਹਾਂ ਸ੍ਰੋਤਾਂ ਨੂੰ ਉਪਲਬਧ ਕਰਦੇ ਹਨ।

ਜਾਹਨ ਫੀਦਰ (John Feather) ਨੇ ਕੁਝ ਕਾਢਾਂ ਸੂਚੀਬੱਧ ਕੀਤੀਆਂ ਹਨ, ਜਿਨ੍ਹਾਂ ਨੇ ਸਮੇਂ ਦੇ ਨਾਲ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਇਹ ਇਸ ਤਰ੍ਹਾਂ ਹਨ :-

**1. ਛਾਪਾਖਾਨਾ :-** ਜਦੋਂ ਲਿਖਤੀ ਸ਼ਬਦ ਵਿੱਚ ਸੁਧਾਰ ਕਰਕੇ ਛਾਪੇਖਾਨੇ ਰਾਹੀਂ ਉਪਲਬਧ ਕੀਤਾ ਗਿਆ ਤਾਂ ਇਹ ਜੀਵਨ ਦਾ ਪਹਿਲਾਂ ਨਾਲੋਂ ਕਿਤੇ ਵੱਧ ਅਨਿੱਖੜਵਾਂ ਅੰਗ ਬਣ ਗਿਆ। ਇਸਦਾ ਪ੍ਰਭਾਵ ਬਹੁਤ ਸ਼ਕਤੀਸ਼ਾਲੀ ਸੀ। ਉਦਾਹਰਣ ਵਜੋਂ, ਵਿਦਵਾਨ ਦੂਜੇ ਵਿਦਵਾਨਾਂ, ਜਿਨ੍ਹਾਂ ਨੂੰ ਉਹ ਕਦੇ ਨਹੀਂ ਮਿਲ ਸਕਦੇ, ਦੀਆਂ ਰਚਨਾਵਾਂ ਪੜ੍ਹ ਸਕਦੇ ਸਨ।

**2. ਜਨ-ਸੰਚਾਰ ਮਾਧਿਅਮ :**

**(ੳ) ਅਖ਼ਬਾਰ :-** ਇਹ ਵੱਡੇ ਪੱਧਰ 'ਤੇ ਲੱਖਾਂ ਲੋਕਾਂ ਤੱਕ ਅਪੜਾਈ ਜਾਂਦੀ ਹੈ ਤਾਂ ਕਿ ਉਹ ਨਵੇਂ ਵਿਕਾਸ ਦੇ ਨਾਲ-ਨਾਲ ਚੱਲ ਸਕਣ।

**(ਅ) ਫੋਟੋਗ੍ਰਾਫ਼ੀ :-** ਇਸ ਨਾਲ ਲੋਕ ਉਹ ਚੀਜ਼ਾਂ/ਵਸਤਾਂ ਵੇਖ ਸਕਦੇ ਹਨ, ਜੋ ਉਨ੍ਹਾਂ ਕਦੇ ਵੀ ਨਹੀਂ ਸੀ ਦੇਖਣੀਆਂ।

**(ੲ) ਬਿਜਲਈ ਤਾਰ :-** ਮਨੁੱਖ ਦੀ ਦ੍ਰਿਸ਼ਟੀ ਤੋਂ ਦੂਰ-ਦੁਰੇਡੇ ਫੌਰੀ ਸੰਚਾਰ ਕਰਨ ਦੀ ਇਹ ਪਹਿਲੀ ਪ੍ਰਣਾਲੀ ਸੀ।

**(ਸ) ਟੈਲੀਫ਼ੋਨ :-** ਇਹ ਤਾਰ ਤੋਂ ਵੀ ਅੱਗੇ ਨਿਕਲਦਾ ਹੈ, ਕਿਉਂਕਿ ਇਸ ਨਾਲ ਸਿੱਧਾ ਬੋਲਕੇ ਸੰਚਾਰ ਕੀਤਾ ਜਾਂਦਾ ਹੈ।

**(ਹ) ਰੇਡੀਓ :-** ਇਹ ਅਖ਼ਬਾਰ ਨਾਲੋਂ ਤੇਜ਼ ਹੁੰਦਾ ਹੈ ਅਤੇ ਲੋਕਾਂ ਦੀ ਵੱਡੀ ਗਿਣਤੀ ਤੱਕ ਪਹੁੰਚਦਾ ਹੈ। ਇਸਦੀ ਵਰਤੋਂ ਸਿੱਖਿਆ, ਮਨੋਰੰਜਨ ਅਤੇ ਸੂਚਨਾ ਲਈ ਕੀਤੀ ਜਾ ਸਕਦੀ ਹੈ।

**(ਕ) ਟੈਲੀਵਿਜ਼ਨ :-** ਇਹ ਬਾਕੀ ਸੰਚਾਰ ਸਾਧਨਾਂ ਤੋਂ ਅੱਗੇ ਨਿਕਲ ਜਾਂਦਾ ਹੈ। ਇਸ ਦੀਆਂ ਬਹੁਤ ਸ਼ਕਤੀਸ਼ਾਲੀ ਦ੍ਰਿਸ਼ਟੀਗਤ ਤਸਵੀਰਾਂ, ਭਾਵੁਕੀ ਸੰਗੀਤ, ਇੱਕ ਐਸੀ ਜੀਵਨ-ਸ਼ੈਲੀ ਨੂੰ ਸੱਦਾ ਦੇਣ ਵਾਲਾ, ਜੋ ਇਸਦੇ ਵੇਖਣ ਵਾਲਿਆਂ ਵਿੱਚੋਂ ਬਹੁ-ਗਿਣਤੀ ਦੀ ਪਹੁੰਚ ਤੋਂ ਕਿਤੇ ਬਾਹਰ ਹੁੰਦਾ ਹੈ। ਪੁਲਾੜੀ ਅਤੇ ਕੇਬਲ ਪ੍ਰਣਾਲੀਆਂ ਦੇ ਵਿਸਤਾਰ ਨਾਲ, ਸੰਭਾਵਨਾਵਾਂ ਬਹੁਤ ਉਚੇਰੀਆਂ ਹੋ ਜਾਂਦੀਆਂ ਹਨ।

**3. ਕੰਪਿਊਟਰ :-** ਇਹ ਹਰ ਦਫ਼ਤਰ ਵਿੱਚ, ਬਹੁਤ ਮੇਜ਼ਾਂ ਉਪਰ ਅਤੇ ਅਨੇਕ ਘਰਾਂ ਵਿੱਚ ਮੌਜੂਦ ਹੈ। ਅਸੀਂ ਜੋ ਕੁਝ ਵੀ ਕਰਦੇ ਹਾਂ, ਇਹ ਉਸ ਸਭ ਵਿੱਚ ਸ਼ਾਮਿਲ ਹੁੰਦਾ ਹੈ – ਕਿਰਿਆਨਾ ਖ਼ਰੀਦਣ ਤੋਂ ਲੈਕੇ ਸਿੱਖਿਆ ਪ੍ਰਾਪਤ ਕਰਨ ਤੱਕ। ਕੰਪਿਊਟਰ ਕਾਰੋਬਾਰ, ਵਿਸ਼ੇਸ਼ ਕਰਕੇ ਇੰਟਰਨੈਟ ਤੋਂ ਲੋਕ ਲਖਪਤੀ ਬਣ ਗਏ। ਕੰਪਿਊਟਰ ਕਾਰੋਬਾਰ ਵਿੱਚ ਈ-ਮੇਲ, ਈ-ਪ੍ਰਕਾਸ਼ਨ, ਈ-ਸ਼ਾਪਿੰਗ, ਈ-ਕਾਮਰਸ, ਈ-ਗੱਲਬਾਤ, ਈ-ਮੈਰਿਜ, ਈ-ਤਸ਼ਖੀਸ ਅਤੇ ਈ-ਇਲਾਜ, ਆਦਿ ਕੁਝ ਕੁ ਚੀਜ਼ਾਂ ਹਨ, ਜੋ ਅਸੀਂ ਕਰ ਸਕਦੇ ਹਾਂ।

ਕੁਝ ਸੂਚਨਾ ਕਾਮੇ ਅਤੇ ਉਤਪਾਦਕ ਹੇਠ ਲਿਖੇ ਅਨੁਸਾਰ ਹਨ :-

**2.2.2.1 ਲੇਖਕ :-** ਲੇਖਕ ਸੂਚਨਾ ਦੀ, ਬੌਧਿਕ, ਕਲਾਤਮਕ ਅਤੇ ਵਿਗਿਆਨਕ ਰਚਨਾ ਦਾ ਸਿਰਜਕ ਹੈ। ਲੇਖਕ ਅਜਿਹਾ ਵਿਅਕਤੀ ਹੈ, ਜਿਸਨੇ ਪ੍ਰਲੇਖ ਸਿਰਜਿਆ ਹੈ ਅਤੇ ਉਸ ਉਪਰ ਉਸਦਾ ਨਾਮ ਲਿਖਿਆ ਹੁੰਦਾ ਹੈ। ਲੇਖਕ ਵਿਅਕਤੀ, ਸੰਗਠਨ ਜਾਂ ਅਣਪਛਾਤਾ ਹੋ ਸਕਦਾ ਹੈ। ਲੇਖਕ ਚਾਹੁੰਦਾ ਹੈ ਕਿ ਜਿੰਨੀ ਜਲਦੀ ਹੋ ਸਕੇ, ਉਸਦੀ ਰਚਨਾ ਦੂਜੇ ਲੇਖਕ, ਖੋਜਾਰਥੀ, ਆਦਿ ਦੇਖ ਲੈਣ। ਲੇਖਕ ਚਾਹੁੰਦਾ ਹੈ ਕਿ ਉਸਦੀ ਰਚਨਾ ਦੀ ਉਸਦੇ ਆਪਣੇ ਅਦਾਰੇ ਵਿੱਚ, ਸਾਥੀਆਂ ਵਿੱਚ, ਖੋਜ ਅਨੁਦਾਨ ਦੇਣ ਵਾਲੀਆਂ ਸੰਸਥਾਵਾਂ ਵਿੱਚ ਪ੍ਰਸ਼ੰਸਾ ਹੋਵੇ।

**2.2.2.2 ਸੰਪਾਦਕ :-** ਸੰਪਾਦਕ ਉਹ ਵਿਅਕਤੀ ਹੈ, ਜੋ ਅਨੇਕ ਲੇਖਕਾਂ ਦੇ ਲਿਖੇ ਲੇਖਾਂ ਨੂੰ ਇਕੱਠੇ ਕਰਕੇ ਪ੍ਰਕਾਸ਼ਿਤ ਕਰਦਾ ਹੈ। ਜੋ ਪ੍ਰਕਾਸ਼ਨਾ ਛਪਦੀ ਹੈ, ਉਹ ਸਾਂਝਾ ਕੰਮ ਹੁੰਦਾ ਹੈ (ਜਿਵੇਂ, ਕਾਨਫ਼ਰੰਸ ਕਾਰਵਾਈ), ਅਤੇ ਉਸਦਾ ਨਾਮ 'ਸੰਪਾਦਕ' ਜਾਂ 'ਸੰਕਲਨਕਰਤਾ' ਦੇ ਤੌਰ 'ਤੇ ਲਿਖਿਆ ਜਾਂਦਾ ਹੈ।

**2.2.2.3 ਪ੍ਰਕਾਸ਼ਕ :-** ਇਹ ਲੇਖਕਾਂ ਦੀਆਂ ਰਚਨਾਵਾਂ ਪ੍ਰਕਾਸ਼ਿਤ ਕਰਕੇ ਵਰਤੋਂਯੋਗ ਬਣਾਉਂਦੇ ਹਨ, ਅਤੇ ਵਿਕੀਰਣ ਰਾਹੀਂ ਪਾਠਕਾਂ ਤੱਕ ਪਹੁੰਚਾਉਂਦੇ ਹਨ। ਦੂਰ-ਸੰਚਾਰ ਤਕਨਾਲੋਜੀ ਵਿੱਚ ਪਿੱਛੇ ਜਿਹੇ ਹੋਈਆਂ ਤਬਦੀਲੀਆਂ ਸਦਕਾ ਸੂਚਨਾ ਦੀ ਮੁੜ-ਬੰਨ੍ਹਾਈ (ਰੀਪੈਕੇਜਿੰਗ) ਦਾ ਕਾਰਜ ਆਰੰਭ ਹੋ ਗਿਆ।

**2.2.2.4 ਡਾਟਾਬੇਸ ਉਤਪਾਦਕ :-** ਕੁਝ ਪ੍ਰਕਾਸ਼ਕ ਰਵਾਇਤੀ ਪ੍ਰਕਾਸ਼ਿਤ ਉਤਪਾਦਾਂ, ਜਿਵੇਂ, ਸਾਰ, ਅਨੁਕ੍ਰਮਣਿਕਾ, ਆਦਿ ਦਾ ਕੰਮਕਾਜ ਬਦਲਕੇ ਆਨਲਾਈਨ ਅਤੇ ਪੂਰਣ-ਪਾਠ (ਫੁੱਲ ਟੈਕਸਟ) ਪ੍ਰਲੇਖਾਂ ਵੱਲ ਆ ਗਏ ਹਨ। ਮੂਲ ਪ੍ਰਲੇਖਾਂ ਦੇ ਕੁਝ ਪ੍ਰਕਾਸ਼ਕ ਡਾਟਾਬੇਸ ਉਤਪਾਦਕਾਂ ਨੂੰ ਆਪਣੀਆਂ ਰਚਨਾਵਾਂ ਦੇ ਦਿੰਦੇ ਹਨ, ਜੋ ਬਾਅਦ ਵਿੱਚ ਉਹ ਉਤਪਾਦ/ਸੇਵਾਵਾਂ ਪਾਠਕਾਂ ਨੂੰ ਉਪਲਬਧ ਕਰਦੇ ਹਨ। ਡਾਟਾਬੇਸ ਉਤਪਾਦਕ ਆਪਣੇ ਡਾਟਾਬੇਸ ਆਨਲਾਈਨ ਮੇਜ਼ਬਾਨਾਂ ਨੂੰ ਉਪਲਬਧ ਕਰਾਉਂਦੇ ਹਨ, ਜੋ ਅੱਗੇ ਸਿੱਧੇ ਜਾਂ ਸੂਚਨਾ ਵਿਚੋਲਿਆਂ ਰਾਹੀਂ ਵਰਤੋਂਕਾਰਾਂ ਤੱਕ ਪਹੁੰਚਾਉਂਦੇ ਹਨ।

**2.2.2.5 ਲਾਇਬ੍ਰੇਰੀਆਂ :-** ਲਾਇਬ੍ਰੇਰੀਆਂ ਗਿਆਨ ਦਾ ਖ਼ਜ਼ਾਨਾ ਸਮਝੀਆਂ ਜਾਂਦੀਆਂ ਹਨ। ਆਪਣੇ ਉਦੇਸ਼ਾਂ ਦੀ ਪੂਰਤੀ ਲਈ ਲਾਇਬ੍ਰੇਰੀਆਂ ਪ੍ਰਲੇਖ ਇਕੱਤਰ, ਵਿਵਸਥਿਤ ਅਤੇ ਸੰਭਾਲ ਕਰਦੀਆਂ ਹਨ ਤਾਂ ਕਿ ਉਹ ਪਾਠਕਾਂ ਨੂੰ ਉਪਲਬਧ ਕੀਤੇ ਜਾ ਸਕਣ। ਵੱਖ-ਵੱਖ ਪ੍ਰਲੇਖਾਂ ਵਿੱਚ ਉਪਲਬਧ ਸੂਚਨਾ ਬਾਰੇ ਵਰਤੋਂਕਾਰਾਂ ਨੂੰ ਜਾਣਕਾਰੀ ਦੇਣ ਲਈ ਵਿਆਪਕ ਅਤੇ ਤੀਬਰ ਕੋਸ਼ਿਸ਼ਾਂ ਕਰਦੀਆਂ ਰਹਿੰਦੀਆਂ ਹਨ, ਅਤੇ ਇਸ ਕੰਮ ਲਈ ਗ੍ਰੰਥਾਤਮਕ ਅਤੇ ਸੂਚਨਾ ਸੇਵਾਵਾਂ ਪ੍ਰਦਾਨ ਕਰਦੀਆਂ ਹਨ, ਜਿਵੇਂ ਚਲੰਤ ਸੁਚੇਤਨਾ ਸੇਵਾ, ਚੋਣਵੀਂ ਸੂਚਨਾ ਪ੍ਰਸਾਰ, ਆਦਿ।

**2.2.2.6 ਸੂਚਨਾ ਵਿਸ਼ਲੇਸ਼ਣ ਕੇਂਦਰ :-** ਇਹ ਸੂਚਨਾ ਕੇਂਦਰ ਦਾ ਵਿਕਸਿਤ ਰੂਪ ਹਨ ਅਤੇ ਖੋਜ ਸੰਗਠਨਾਂ ਵਿੱਚ ਸਥਾਪਿਤ ਕੀਤੇ ਜਾਂਦੇ ਹਨ। ਇਹ ਵਿਸ਼ਿਸ਼ਟ ਵਿਸ਼ਿਆਂ ਬਾਰੇ ਵਰਤਮਾਨ ਗਿਆਨ ਦਾ ਮੁਲਾਂਕਣ ਕਰਦੇ ਹਨ ਅਤੇ ਉਸਨੂੰ ਵਰਤੋਂਯੋਗ ਰੂਪ ਵਿੱਚ ਉਪਲਬਧ ਕਰਦੇ ਹਨ। ਇਨ੍ਹਾਂ ਦਾ ਮੂਲ ਉਦੇਸ਼ ਪ੍ਰਮਾਣਿਕ, ਸਮੇਂ ਅਨੁਸਾਰ ਮੁਲਾਂਕਤ ਅਤੇ ਵਿਸ਼ਲੇਸ਼ਕ, ਨਿਬੰਧ ਰੂਪ ਵਿੱਚ, ਜਾਂ ਵਿਸ਼ੇ ਦੇ ਗਿਆਨ ਦੇ ਵਰਤਮਾਨ ਦੌਰ ਬਾਰੇ ਰਿਪੋਰਟਾਂ ਤਿਆਰ ਕਰਨੀਆਂ ਹੁੰਦਾ ਹੈ।

**2.2.2.7 ਸੂਚਨਾ ਨੈਟਵਰਕ :-** ਇਨ੍ਹਾਂ ਵਿੱਚ ਆਮ ਕਰਕੇ ਉਹ ਸੰਗਠਨ ਸ਼ਾਮਿਲ ਹੁੰਦੇ ਹਨ, ਜੋ ਨਿਯਮਤ ਤੌਰ 'ਤੇ ਭਿੰਨ ਰੂਪਾਂ ਵਿੱਚ ਸੂਚਨਾ ਵਟਾਂਦਰਾ ਕਰਦੇ ਰਹਿੰਦੇ ਹਨ। ਗਿਆਨ ਦੀ ਲੋੜ, ਘੱਟ ਜ਼ਿੰਮੇਵਾਰੀ, ਕੰਮਾਂ ਦੀ ਵੰਡ, ਸਾਂਝੀਆਂ ਪ੍ਰਕਿਰਿਆਵਾਂ ਅਤੇ ਤਕਨੀਕਾਂ ਨਾਲ ਸਾਧਨਾਂ ਦਾ ਸਾਂਝਾ ਸੰਗ੍ਰਹਿ ਤਿਆਰ ਕਰਨਾ ਇਨ੍ਹਾਂ ਦੇ ਉਦੇਸ਼ ਹਨ। ਸੂਚਨਾ ਨੈਟਵਰਕ ਕਿਸੇ ਭੂਗੋਲਿਕ ਖੇਤਰ ਆਧਾਰਤ ਹੋ ਸਕਦੇ ਹਨ, ਇੱਕ ਸ਼ਹਿਰ ਜਾਂ ਖੇਤਰ, ਜਾਂ ਦੇਸ਼ ਤੱਕ ਸੀਮਤ ਹੋ ਸਕਦੇ ਹਨ। ਉਦਾਹਰਣ ਦੇ ਤੌਰ 'ਤੇ ਡੇਲਨੈਟ, ਕੇਲਿਬਨੈਟ, ਇਨਫਲਿਬਨੈਟ। ਕੁਝ ਹੋਰ ਨੈਟਵਰਕ ਵਿਸ਼ਾ ਆਧਾਰਤ ਹੁੰਦੇ ਹਨ ਅਤੇ ਸਾਂਝੇ ਤੌਰ 'ਤੇ ਡਾਟਾਬੇਸ ਦੀ ਰਚਨਾ ਵੀ ਕਰਦੇ ਹਨ। ਉਦਾਹਰਣ ਦੇ ਤੌਰ 'ਤੇ ਐਗਰਿਸ, ਇਨਿਸ, ਮੈਡਲਾਰਸ, ਆਦਿ।

**2.2.3 ਸੂਚਨਾ ਪ੍ਰਾਪਤੀ ਅਤੇ ਪ੍ਰਕਿਰਿਆ (Acquisition and Processing of Information) :** ਇਸ ਪ੍ਰਕਾਰ ਭਿੰਨ-ਭਿੰਨ ਰੂਪਾਂ, ਜਿਵੇਂ ਪੁਸਤਕਾਂ, ਰਸਾਲੇ, ਨਿਬੰਧ, ਰੀਪੋਰਟਾਂ, ਮਾਣਕ, ਪੇਟੈਂਟ, ਆਦਿ ਵਿੱਚ ਰਚੀ ਗਈ ਸੂਚਨਾ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਵਿੱਚ ਲੋੜੀਂਦੀ ਹੈ। ਲਾਇਬ੍ਰੇਰੀ ਵਰਤੋਂਕਾਰਾਂ ਦੀਆਂ ਲੋੜਾਂ ਅਨੁਸਾਰ ਇਹ ਪ੍ਰਾਪਤ ਕਰ ਲਏ ਜਾਂਦੇ ਹਨ।

**2.2.3.1 ਵਰਗੀਕਰਣ (Classification) :–** ਵੱਖ-ਵੱਖ ਵਿਸ਼ਿਆਂ ਉਪਰ ਇਹ ਅਤੇ ਹੋਰ ਪ੍ਰਲੇਖ ਵਰਗੀਕ੍ਰਿਤ ਪ੍ਰਣਾਲੀਆਂ ਰਾਹੀਂ ਵਿਸ਼ਾ ਅਨੁਸਾਰ ਵਿਵਸਥਿਤ ਕੀਤੇ ਜਾਂਦੇ ਹਨ। ਵਰਗੀਕਰਣ ਇੱਕ ਵਿਸ਼ਲੇਸ਼ਣਾਤਮਕ ਵਿਧੀ ਹੈ, ਜਿਸ ਨਾਲ ਪ੍ਰਲੇਖ ਅਤੇ ਸੂਚਨਾ ਲਈ ਪੂਰਵ-ਨਿਰਧਾਰਤ ਸਕੀਮ ਵਿੱਚ ਢੁੱਕਵਾਂ ਸਥਾਨ ਨਿਸ਼ਚਿਤ ਕੀਤਾ ਜਾਂਦਾ ਹੈ। ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਵਿੱਚ ਆਮ ਕਰਕੇ ਵਰਗੀਕਰਣ ਦੀਆਂ ਦਰਜੇਵਾਰ ਪ੍ਰਣਾਲੀਆਂ, ਜਿਵੇਂ ਕਿ ਡੀ ਡੀ ਸੀ (DDC), ਯੂ ਡੀ ਸੀ (UDC), ਆਦਿ ਪ੍ਰਯੋਗ ਕੀਤੀਆਂ ਜਾਂਦੀਆਂ ਹਨ।

ਮੀਡੋ (Meadow) ਨੇ ਲਿਖਿਆ ਹੈ ਕਿ ਦਰਜੇਵਾਰ ਪ੍ਰਣਾਲੀਆਂ ਇਸ ਕਲਪਨਾ 'ਤੇ ਆਧਾਰਤ ਹਨ ਕਿ ਹਰੇਕ ਵਿਸ਼ਾ ਅਤੇ ਵਿਚਾਰ-ਵਰਗ ਅੱਗੇ ਹੋਰ ਵਿਸ਼ਿਸ਼ਟ ਵਿਸ਼ਿਆਂ ਵਿੱਚ ਵੰਡਿਆ ਜਾ ਸਕਦਾ ਹੈ; ਲੋੜ ਅਨੁਸਾਰ ਪ੍ਰਕਿਰਿਆ ਉਨੀ ਦੇਰ ਦੁਹਰਾਈ ਜਾ ਸਕਦੀ ਹੈ, ਜਦ ਤੱਕ ਇੱਕ ਸੰਰਚਨਾ ਜਾਂ ਦਰਜਾਬੰਦੀ ਬਣ ਨਾ ਜਾਵੇ, ਜਿਸ ਨਾਲ ਪ੍ਰਣਾਲੀ ਵਿੱਚ ਦਿੱਤੇ ਵਿਸ਼ੇ ਸ਼ਾਮਿਲ ਹੋ ਸਕਣ।

ਅਜਿਹੀਆਂ ਵਰਗੀਕਰਣ ਪ੍ਰਣਾਲੀਆਂ ਸੰਗ੍ਰਹਿ ਵਿੱਚੋਂ ਬਿਰਤਾਂਤਕਾਂ (descriptors) ਰਾਹੀਂ ਪ੍ਰਲੇਖਾਂ ਦੀ ਭਾਲ ਲਈ ਮਹੱਤਵਪੂਰਨ ਹੁੰਦੀਆਂ ਹਨ। ਇਨ੍ਹਾਂ ਦੇ ਸੰਰਚਨਾਤਮਕ ਸੰਕੇਤਨ ਰਾਹੀਂ ਵੱਖ-ਵੱਖ ਅੰਸ਼ਾਂ ਦੇ ਢਾਂਚਾ ਸੰਬੰਧ ਅਤੇ ਅਧੀਨੀਕਰਣ ਬਿਆਨ ਕੀਤੇ ਜਾਂਦੇ ਹਨ।

ਪਦਵੀ ਤਰਤੀਬ ਵਰਗੀਕਰਣ ਪ੍ਰਣਾਲੀਆਂ ਪ੍ਰਲੇਖਾਂ ਦੀ ਸੰਭਾਲ ਵਾਸਤੇ ਵੀ ਮਦਦਗਾਰ ਹੁੰਦੀਆਂ ਹਨ। ਇਸ ਤਰ੍ਹਾਂ ਪ੍ਰਲੇਖਾਂ ਨੂੰ ਵਰਗੀਕ੍ਰਿਤ ਕਰਕੇ ਸ਼ੈਲਫ਼ ਉਪਰ ਸੰਭਾਲ ਲਈ ਨੰਬਰ ਲਗਾਇਆ ਜਾਂਦਾ ਹੈ, ਜਿਸ ਨਾਲ ਪ੍ਰਲੇਖਾਂ ਉਪਰ ਆਸਾਨੀ ਨਾਲ ਨਜ਼ਰ ਮਾਰੀ ਜਾ ਸਕਦੀ ਹੈ। ਪ੍ਰਲੇਖਾਂ ਦੀ ਸਮਰੂਪਤਾ ਜਾਂ ਵਿਵਿਧਤਾ, ਕਿਸਮਾਂ ਅਤੇ ਗਿਣਤੀ, ਸੂਚਨਾ ਦੀ ਵਿਆਪਕਤਾ ਅਤੇ ਡੂੰਘਾਈ ਕਿਸੇ ਵੀ ਪ੍ਰਣਾਲੀ ਲਈ ਉਚਿਤ ਵਰਗੀਕਰਣ ਸਕੀਮ ਦੀ ਵਰਤੋਂ ਨਿਸ਼ਚਿਤ ਕਰਨ ਵਿੱਚ ਮਦਦ ਕਰਦੇ ਹਨ।

**2.2.3.2 ਅਨੁਕ੍ਰਮਣਿਕਰਣ (Indexing) :–** ਅਨੁਕ੍ਰਮਣਿਕਾ ਸਥਾਨ ਨਿਰਦੇਸ਼ਕ ਜੁਗਤ ਹੈ, ਜੋ ਵਰਤੋਂਕਾਰ ਨੂੰ ਸੰਗ੍ਰਹਿ ਵਿੱਚੋਂ ਕਿਹੜਾ ਪ੍ਰਲੇਖ ਕਿੱਥੇ ਹੈ, ਜਾਂ ਕਿਸੇ ਵਿਸ਼ੇਸ਼ ਪ੍ਰਲੇਖ ਨੂੰ ਲੱਭਣ ਲਈ ਨਿਰਦੇਸ਼ ਦਿੰਦੀ ਹੈ। ਵੀਸਮੈਨ (Weisman) ਅਨੁਸਾਰ ਅਨੁਕ੍ਰਮਣਿਕਾ ''ਕਿਸੇ ਪ੍ਰਲੇਖ ਦੇ ਵਿਸ਼ਾ-ਵਸਤੂ ਅਨੁਸਾਰ ਵਿਸ਼ਲੇਸ਼ਣਾਤਮਕ ਪ੍ਰਕਿਰਿਆ ਨਾਲ ਪਛਾਣ, ਚੋਣ, ਪਛਾਣ ਚਿੰਨ੍ਹ, ਲੇਬਲ ਜਾਂ ਵਰਣਨਾਤਮਕ ਪਦ ਲਗਾਉਣਾ ਤਾਂ ਕਿ ਉਹ ਵਿਸ਼ਿਸ਼ਟ ਪ੍ਰਲੇਖ, ਵਿਸ਼ਿਸ਼ਟ ਸੂਚਨਾ ਦਾ ਅੰਸ਼, ਜਾਂ ਭਿੰਨ ਡਾਟਾ ਨੁਕਤੇ ਦੀ ਮੁੜ-ਪ੍ਰਾਪਤੀ ਵਿੱਚ ਸਹਾਇਤਾ ਕਰਦੇ ਹਨ।'' ਕੁਝ ਹੋਰ ਵਿਦਵਾਨ ਅਨੁਕ੍ਰਮਣਿਕਾ ਨੂੰ ਸੂਚਨਾ ਸੰਚਾਰ ਅਤੇ ਪ੍ਰਾਪਤਕਰਤਾ, ਅਰਥਾਤ ਪਾਠਕ, ਵਿਚਕਾਰ ਛਾਣਨੀ ਦੇ ਰੂਪ ਵਿੱਚ ਸਮਝਦੇ ਹਨ।

ਸੂਚਨਾ ਭੰਡਾਰਣ ਅਤੇ ਮੁੜ-ਪ੍ਰਾਪਤੀ ਪ੍ਰਣਾਲੀ ਅਸਲ ਵਿੱਚ ਪ੍ਰਲੇਖਾਂ ਦੀ ਭਾਲ ਲਈ ਅਨੁਕ੍ਰਮਣਿਕਾ ਪ੍ਰਣਾਲੀ ਹੈ। ਇਹ ਪਾਠਕ ਨੂੰ ਪ੍ਰਲੇਖ ਦੇ ਪਛਾਣ ਚਿੰਨ੍ਹ ਤੋਂ ਵੱਧ ਕੁਝ ਨਹੀਂ ਦੱਸਦੀ। ਇਹ ਪ੍ਰਕਿਰਿਆ ਕੁਸ਼ਲ ਭੰਡਾਰਣ ਅਤੇ ਮੁੜ-ਪ੍ਰਾਪਤੀ ਵਿੱਚ ਸਹਾਇਤਾ ਕਰਦੀ ਹੈ। ਭੰਡਾਰਣ ਤੋਂ ਪਹਿਲਾਂ ਅਨੁਕ੍ਰਮਣਿਕਰਣ ਪ੍ਰਕਿਰਿਆ ਵਿੱਚ ਹਰ ਪ੍ਰਲੇਖ ਲਈ ਲੇਬਲ ਜਾਂ ਵਰਣਨਾਤਮਕ ਸ਼ਬਦ ਨਿਰਧਾਰਿਤ ਕੀਤੇ ਜਾਂਦੇ ਹਨ, ਜੋ ਉਨ੍ਹਾਂ ਦਾ ਵਿਸ਼ਾ-ਵਸਤੂ ਅਤੇ ਪ੍ਰਕ੍ਰਿਤੀ ਦੀ ਪਛਾਣ ਕਰਦੇ ਹਨ। ਇਸ ਤੋਂ ਇਲਾਵਾ, ਇਹ ਅਨੁਕ੍ਰਮਣਿਕਰਣ ਕ੍ਰਿਆ ਪ੍ਰਲੇਖ ਨੂੰ ਇੱਕ ਜਾਂ ਇੱਕ ਤੋਂ ਵੱਧ ਵਿਸ਼ਾ ਵਰਗਾਂ ਵਿੱਚ ਵਰਗੀਕਰਣ ਕਰਨ ਨਾਲ ਸਬੰਧਤ ਹੋ ਸਕਦੀ ਹੈ।

ਲੈਨਕਾਸਟਰ (Lancaster) ਅਨੁਸਾਰ, ''ਕੁਸ਼ਲ ਅਨੁਕ੍ਰਮਣਿਕਰਣ ਕਿਸੇ ਪ੍ਰਲੇਖ ਨੂੰ ਉਸਦੇ ਅੰਤਰੀਵੀ ਵਿਸ਼ਾ-ਵਸਤੂ ਦੇ ਆਧਾਰ 'ਤੇ ਲੇਬਲ ਕਰਨ ਨਾਲ ਜ਼ਰੂਰੀ ਤੌਰ 'ਤੇ ਨਹੀਂ ਪ੍ਰਾਪਤ ਕੀਤੀ ਜਾ ਸਕਦੀ, ਸਗੋਂ ਵਰਤੋਂਕਾਰਾਂ ਦੀਆਂ ਕਿਸਮਾਂ, ਜਿਨ੍ਹਾਂ ਨੇ ਇਸ ਤੋਂ ਲਾਭ ਉਠਾਉਣਾ ਹੈ, ਅਤੇ ਮੰਗਾਂ ਦੀਆਂ ਕਿਸਮਾਂ, ਜਿਨ੍ਹਾਂ ਦਾ ਇਨ੍ਹਾਂ ਉੱਤਰ ਦੇਣਾ ਹੈ, ਅਨੁਸਾਰ ਨਾਮ ਦੇਣ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਦੂਜੇ ਸ਼ਬਦਾਂ ਵਿੱਚ, ਵਿਸ਼ਾ ਅਨੁਕ੍ਰਮਣਿਕਰਣ ਨੂੰ ਪ੍ਰਲੇਖ ਸੰਗ੍ਰਹਿ ਦੇ ਵਰਤੋਂਕਾਰਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਲੋੜਾਂ ਨੂੰ ਧਿਆਨ-ਪੂਰਵਕ ਪ੍ਰਤੀਬਿੰਬਤ ਕਰਨਾ ਚਾਹੀਦਾ ਹੈ।''

ਅਨੁਕ੍ਰਮਣਿਕਾ ਪਾਠਕਾਂ ਨੂੰ ਲੋੜੀਂਦੇ ਪ੍ਰਲੇਖਾਂ ਅਤੇ ਸੂਚਨਾ ਦਾ ਨਾ ਕੇਵਲ ਥਾਂ-ਟਿਕਾਣਾ ਦੱਸਦੀ ਹੈ, ਸਗੋਂ ਅਸੰਗਤ ਸਾਮੱਗਰੀ ਨੂੰ ਛਾਣਨਾ ਬਣਕੇ ਰੋਕ ਵੀ ਲੈਂਦੀ ਹੈ। ਅਨੁਕ੍ਰਮਣਿਕਰਣ ਲਈ ਵਿਸ਼ਾ ਸਿਰਲੇਖ ਪ੍ਰਣਾਲੀਆਂ ਅਤੇ ਵਰਗੀਕਰਣ ਪ੍ਰਣਾਲੀਆਂ ਮੁੱਖ ਵਿਧੀਆਂ ਹਨ। ਵਿਸ਼ਾ ਸਿਰਲੇਖ ਪ੍ਰਣਾਲੀਆਂ ਸੂਚਨਾ ਮਦਾਂ ਨੂੰ ਤਰਤੀਬ

ਦੇਣ ਲਈ ਰਵਾਇਤੀ ਪਹੁੰਚ ਅਪਣਾਉਂਦੀਆਂ ਹਨ। ਬਹੁਤੀਆਂ ਲਾਇਬ੍ਰੇਰੀਆਂ ਸੂਚਨਾ ਦੀ ਮੁੜ-ਪ੍ਰਾਪਤੀ ਦੇ ਮੁੱਖ ਸਾਧਨ ਦੇ ਤੌਰ 'ਤੇ ਵਰਗੀਕਰਣ ਤੋਂ ਇਲਾਵਾ ਲੇਖਕ ਅਤੇ ਵਿਸ਼ਾ ਅਨੁਕ੍ਰਮਣਿਕਰਣ 'ਤੇ ਨਿਰਭਰ ਹੁੰਦੀਆਂ ਹਨ।

**2.2.4 ਸੂਚਨਾ ਸੰਗ੍ਰਹਿਣ (Information Storage) :**

ਵਿਸ਼ਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਪ੍ਰਲੇਖ ਸੰਗ੍ਰਹਿ ਦੀ ਤਰਤੀਬ ਇਸ ਉਪਰ ਆਧਾਰਤ ਕੀਤੀ ਜਾ ਸਕਦੀ ਹੈ। ਜੇਕਰ ਵਰਗੀਕਰਣ ਪ੍ਰਣਾਲੀ ਦੀ ਵਰਤੋਂ ਨਾਲ ਵਿਸ਼ਾ-ਵਸਤੂ ਦਾ ਸੰਕੇਤ ਕੀਤਾ ਜਾਣਾ ਹੈ ਤਾਂ ਹਰ ਪ੍ਰਲੇਖ ਉਪਰ ਢੁੱਕਵਾਂ ਵਰਗੀਕਰਣ ਅੰਕ ਲਿਖਿਆ ਜਾਂਦਾ ਹੈ ਅਤੇ ਸਕੀਮ ਅਨੁਸਾਰ ਤਰਤੀਬ ਦੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੇ ਸੰਗ੍ਰਹਿਣ ਲਈ ਵਿਲੀਅਮਜ਼ (Williams) ਨੇ ਕਈ ਪਹੁੰਚਾਂ ਅਤੇ ਕਿਸਮਾਂ ਦਾ ਉਲੇਖ ਕੀਤਾ ਹੈ, ਜੋ ਇਸ ਪ੍ਰਕਾਰ ਹਨ :-

1. **ਨਿਸ਼ਚਿਤ ਸੰਗ੍ਰਹਿਣ (Fixed Storage) :-** ਇਸ ਵਿੱਚ ਪ੍ਰਲੇਖ ਜਾਂ ਸੂਚਨਾ ਸੌਖੇ ਮੁੜ ਤਿਆਰ ਨਹੀਂ ਕੀਤੀ ਜਾ ਸਕਦੀ, ਬੇਸ਼ਕ ਨਵੇਂ ਪ੍ਰਲੇਖ ਇਸ ਵਿੱਚ ਸ਼ਾਮਿਲ ਕੀਤੇ ਜਾ ਸਕਦੇ ਹਨ ਅਤੇ ਸੰਗ੍ਰਹਿ ਵਿਚਲੀਆਂ ਮਦਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਜਾਂ ਜਾਰੀ ਵੀ ਕੀਤੇ ਜਾ ਸਕਦੇ ਹਨ। ਉਦਾਹਰਣ ਵਜੋਂ, ਬਾਜ਼ਾਰ ਵਿੱਚ ਨਾ-ਉਪਲਬਧ ਪੁਸਤਕਾਂ ਦਾ ਸੰਗ੍ਰਹਿ ਜਾਂ ਨਾਜ਼ੁਕ ਪ੍ਰਕਿਰਤੀ ਵਾਲੇ ਇਤਿਹਾਸਕ ਪ੍ਰਲੇਖ।
2. **ਲਚਕੀਲਾ ਸੰਗ੍ਰਹਿ (Flexible Storage) :-** ਮਕਾਨਕੀ ਜਾਂ ਬਿਜਲਾਣਵੀ ਉਪਕਰਣਾਂ ਦੀ ਸਹਾਇਤਾ ਨਾਲ ਦਸਤੀ ਵਿਵਸਥਾ ਕਰਨਾ ਇਸ ਵਿੱਚ ਸ਼ਾਮਿਲ ਹੈ।
3. **ਪਰਿਵਰਤਨਸ਼ੀਲ ਸੰਗ੍ਰਹਿ, ਬਦਲਣਹਾਰ ਰੂਪ (Variable Storage, Format Changeable):-** ਅਜਿਹੇ ਸੰਗ੍ਰਹਿ ਵਿੱਚ ਪ੍ਰਲੇਖਾਂ ਜਾਂ ਉਨ੍ਹਾਂ ਦੇ ਅੰਸ਼ਾਂ ਦੀ ਬਦਲੀ ਜਾਂ ਸੁਧਾਈ ਦੀ ਵਿਵਸਥਾ ਹੁੰਦੀ ਹੈ। ਉਦਾਹਰਣ ਵਜੋਂ, ਪੰਚਡ ਕਾਰਡ, ਮੈਗਨੇਟਿਕ ਟੇਪਾਂ, ਆਦਿ।
4. **ਪਰਿਵਰਤਨਸ਼ੀਲ ਰੂਪ, ਨਿਸ਼ਚਿਤ ਸੰਗ੍ਰਹਿ (Variable Format, Fixed Storage) :-** ਪ੍ਰਲੇਖ ਦਾ ਰੂਪ ਜਾਂ ਸਰੂਪ ਤਾਂ ਨਿਸ਼ਚਿਤ ਹੈ, ਪਰ ਇਸ ਵਿਚਲਾ ਡਾਟਾ ਪਰਿਵਰਤਨਸ਼ੀਲ ਹੈ। ਭਿੰਨ ਤਰ੍ਹਾਂ ਦੇ ਫ਼ਾਰਮ ਅਤੇ ਸਾਰਣੀਆਂ ਇਸਦੀ ਉਦਾਹਰਣ ਹਨ।
5. **ਦਸਤੀ ਸੰਗ੍ਰਹਿ (Manual Storage) :-** ਇਸ ਵਿੱਚ ਉਹ ਸਾਰੇ ਢੰਗ ਤਰੀਕੇ ਸ਼ਾਮਿਲ ਹਨ, ਜਿਸ ਨਾਲ ਕੋਈ ਵਿਅਕਤੀ ਪ੍ਰਲੇਖਾਂ ਨੂੰ ਸੰਗ੍ਰਹਿ ਵਿੱਚ ਰੱਖ ਸਕਦਾ ਹੈ ਜਾਂ ਬਾਹਰ ਕੱਢ ਸਕਦਾ ਹੈ।
6. **ਨੀਮ-ਸਵੈਚਾਲਿਤ ਸੰਗ੍ਰਹਿ (Semi-Automatic Storage) :-** ਮਸ਼ੀਨ ਦੀ ਸਹਾਇਤਾ ਨਾਲ ਵਿਅਕਤੀ ਲਈ ਸੂਚਨਾ ਦੀ ਚੋਣ, ਛਪਾਈ ਜਾਂ ਮਿਟਾਉਣਾ ਸੰਭਵ ਹੁੰਦਾ ਹੈ। ਉਦਾਹਰਣ ਵਜੋਂ, ਪੰਚਡ ਏਜੱ ਨਾਚਡ ਕਾਰਡ।
7. **ਸਵੈਚਾਲਿਤ ਸੰਗ੍ਰਹਿ (Automatic Storage) :-** ਇਸ ਵਿੱਚ ਮਾਧਿਅਮ ਵਿਚਲੀ ਸੂਚਨਾ ਨੂੰ ਲਿਖਣ ਜਾਂ ਮਿਟਾਉਣ ਲਈ ਵਿਅਕਤੀ ਵਿਚੋਲਾ ਨਹੀਂ ਬਣਦਾ। ਡਿਸਕ ਫ਼ਾਈਲਾਂ, ਕੋਰ ਮੈਮੋਰੀ, ਆਦਿ ਇਸ ਦੀਆਂ ਉਦਾਹਰਣਾਂ ਹਨ।
8. **ਮਾਸਟਰ ਇਮੇਜ ਸੰਗ੍ਰਹਿ (Master Image Storage) :-** ਇਹ ਲਘੂ ਪ੍ਰਿੰਟ ਅਤੇ ਬਿਜਲਾਣਵੀ ਸੰਗ੍ਰਹਿ ਨਾਲ ਸੰਬੰਧਤ ਹੈ, ਜੋ ਕੰਪਿਊਟਰ ਉਪਰ ਮੰਗੀ ਗਈ ਸੂਚਨਾ ਦਿਖਾ ਸਕਦੇ ਹਨ।
9. **ਬੇਤਰਤੀਬਾ ਪਹੁੰਚ ਸੰਗ੍ਰਹਿ (Random Access Storage) :-** ਇਸਦਾ ਅਰਥ ਹੈ ਪ੍ਰਲੇਖ ਅਤੇ ਸੂਚਨਾ ਦਾ ਭੰਡਾਰ ਕਰਦੇ ਸਮੇਂ ਕਿਸੇ ਤਰਤੀਬ ਜਾਂ ਪ੍ਰਣਾਲੀ ਦਾ ਧਿਆਨ ਨਹੀਂ ਰੱਖਿਆ ਜਾਂਦਾ। ਆਮ ਕਰਕੇ ਇਹ ਕੰਮ ਕੰਪਿਊਟਰੀਕ੍ਰਿਤ ਢੰਗਾਂ ਰਾਹੀਂ ਕੀਤਾ ਜਾਂਦਾ ਹੈ।

**2.2.5 ਸੂਚਨਾ ਦਾ ਤਬਾਦਲਾ (Information Trasfer) :**

ਵਰਤਮਾਨ ਜਟਿਲ ਦੁਨੀਆ ਵਿੱਚ ਇਹ ਇੱਕ ਵਧੀਆ ਗੱਲ ਹੈ ਕਿ ਇੱਕ ਖੋਜਾਰਥੀ ਦੂਜੇ ਖੋਜਾਰਥੀ ਨਾਲ ਸਿੱਧੀ ਗੱਲਬਾਤ ਕਰ ਸਕਦਾ ਹੈ। ਇਸ ਪ੍ਰਕਿਰਿਆ ਵਿੱਚ ਟੀਮ ਪੱਧਰ 'ਤੇ ਕੋਸ਼ਿਸ਼ਾਂ ਹੁੰਦੀਆਂ ਹਨ। ਸੂਚਨਾ ਅਜਿਹੀਆਂ ਰੁਕਾਵਟਾਂ, ਜਿਵੇਂ ਦੂਰੀ, ਵਿਸ਼ਾ-ਖੇਤਰ, ਇੰਤਜਾਮ, ਪੇਟੈਂਟ ਸਬੰਧੀ ਹੱਕ, ਭਾਸ਼ਾ ਅਤੇ ਰਾਜਨੀਤਕ ਰੁਕਾਵਟਾਂ ਵਿੱਚੋਂ ਨਿਕਲਦੀ ਹੈ। ਬੇਸ਼ਕ ਉਤਪਾਦਕ ਅਤੇ ਵਰਤੋਂਕਾਰ ਵਿੱਚ ਸਿੱਧਾ ਸੰਚਾਰ ਲੋੜੀਂਦਾ ਅਤੇ ਪ੍ਰਭਾਵੀ ਹੁੰਦਾ ਹੈ, ਸਿੱਧੇ

ਮਾਧਿਅਮ ਆਮ ਕਰਕੇ ਵਿਹਾਰਕ ਨਹੀਂ ਹਨ। ਉਤਪਾਦਕ ਅਤੇ ਵਰਤੋਂਕਾਰ ਵਿੱਚ ਸੰਚਾਰ ਪੁਸਤਕਾਂ ਅਤੇ ਰਸਾਲਿਆਂ ਤੋਂ ਰੀਪੋਰਟਾਂ, ਅਨੁਕ੍ਰਮਣਿਕਾਵਾਂ ਅਤੇ ਸਾਰਾਂ ਵਿੱਚੋਂ ਦੀ ਹੁੰਦਾ ਹੋਇਆ, ਕੰਪਿਊਟਰ ਪ੍ਰਿੰਟ ਆਊਟ ਤੱਕ, ਬਹੁ ਮਾਧਿਅਮੀ ਹੈ।

ਇਸ ਦੌਰਾਨ ਸੂਚਨਾ ਦੇ ਆਕਾਰ ਵਿੱਚ ਵਾਧਾ ਅਤੇ ਭਾਵੀ ਵਰਤੋਂਕਾਰਾਂ ਦੀ ਵਧੀ ਹੋਈ ਗਿਣਤੀ ਇਸ ਪ੍ਰਕਿਰਿਆ ਦੀ ਜਟਿਲਤਾ ਵਧਾਉਂਦੇ ਹਨ। ਸੰਚਾਰ ਮਾਧਿਅਮ ਸੂਚਨਾ ਨਾਲ ਅਕਸਰ ਭਰੇ ਪਏ ਹੁੰਦੇ ਹਨ। ਵਿਗਿਆਨੀ ਕੋਲ ਆਪਣੀ ਰੁਚੀ ਵਾਲੇ ਖੇਤਰ ਵਿਚਲੇ ਬਹੁਤੇ ਰਸਾਲੇ ਅਤੇ ਲੇਖ ਪੜ੍ਹਨ ਲਈ ਸਮਾਂ ਨਹੀਂ ਹੁੰਦਾ, ਉਸਨੂੰ ਸਾਹਿਤ ਦੇ ਵਧੇ ਹੋਏ ਆਕਾਰ ਅਤੇ ਵਿਦੇਸ਼ੀ ਭਾਸ਼ਾਵਾਂ, ਅਤੇ ਹੋਰ ਸਾਹਿਤ ਤੱਕ ਅਪਹੁੰਚ ਦੀਆਂ ਸਮੱਸਿਆਂ ਦਰਪੇਸ਼ ਆਉਂਦੀਆਂ ਹਨ। ਇਸ ਲਈ ਵਿਗਿਆਨੀ ਅਤੇ ਸ਼ਿਲਪ ਵਿਗਿਆਨੀ ਸੰਗ੍ਰਹਿਆਲੇ, ਸੇਵਾਵਾਂ ਅਤੇ ਵਿਸ਼ਲੇਸ਼ਣ ਕੇਂਦਰ ਆਦਿ ਵਿਚਕਾਰਲੇ ਸਾਧਨਾਂ ਉਪਰ ਵਰਤੋਂਯੋਗ ਸੂਚਨਾ ਦੀ ਉਪਲਬਧੀ ਲਈ ਨਿਰਭਰ ਹੁੰਦੇ ਹਨ।

**2.2.5.1 ਮੁੜ-ਪ੍ਰਾਪਤੀ ਅਤੇ ਪ੍ਰਸਾਰ (Retrieval and Dissemination) :-** ਖੋਜਾਰਥੀਆਂ ਅਤੇ ਵਿਗਿਆਨੀਆਂ ਵੱਲੋਂ ਤਿਆਰ ਕੀਤੇ ਪ੍ਰਲੇਖਾਂ ਵਿੱਚ ਸ਼ਾਮਿਲ ਸੂਚਨਾ ਦੀ ਮੁੜ-ਪ੍ਰਾਪਤੀ ਅਤੇ ਪ੍ਰਸਾਰ ਕਿਸੇ ਵਰਤੋਂਕਾਰ ਦੇ ਪ੍ਰਸ਼ਨ ਦੇ ਉੱਤਰ ਵਜੋਂ ਵਿਉਂਤਪੰਨ ਹੋ ਸਕਦੀ ਹੈ।

ਦੂਜੇ ਪਾਸੇ, ਪ੍ਰਣਾਲੀ ਵਿੱਚ ਸੂਚਨਾ ਮੁੜ-ਪ੍ਰਾਪਤੀ ਅਤੇ ਪ੍ਰਸਾਰ ਦਾ ਨਿਸ਼ਚਿਤ ਵਿਧੀ ਅਨੁਸਾਰ ਨਿਰਮਾਣ ਕੀਤਾ ਜਾ ਸਕਦਾ ਹੈ। ਅਜਿਹਾ ਸੂਚਨਾ ਦਾ ਚੋਣਵਾਂ ਪ੍ਰਸਾਰ (SDI) ਪ੍ਰਕਿਰਿਆ ਰਾਹੀਂ ਕੀਤਾ ਜਾਂਦਾ ਹੈ। ਐਸ.ਡੀ.ਆਈ. ਪ੍ਰਣਾਲੀ ਵਿੱਚ ਸਬੰਧਤ ਪ੍ਰੋਫਾਈਲ ਵਾਲੇ ਗਾਹਕ ਸੂਚਨਾ ਦਾ ਸਾਰ ਜਾਂ ਸੰਖੇਪ ਪ੍ਰਾਪਤ ਕਰਦੇ ਹਨ।

ਅਜਿਹੀ ਪ੍ਰਣਾਲੀ ਦੇ ਵਰਤੋਂਕਾਰਾਂ ਨੂੰ ਪ੍ਰਲੇਖਾਂ ਦੇ ਸਾਰ/ਸੰਖੇਪ ਵਾਲੇ ਪ੍ਰਚਲਿਤ ਸੁਚੇਤਨਾ ਬੁਲੇਟਿਨ ਵੰਡੇ ਜਾਂਦੇ ਹਨ। ਪ੍ਰਲੇਖ ਦੂਜੇ ਰੂਪਾਂ, ਜਿਵੇਂ ਹਾਰਡ ਕਾਪੀ, ਲਘੂ ਫ਼ਿਲਮ ਵਿੱਚ ਪ੍ਰਤੀਰੂਪ, ਜਾਂ ਇਸ ਵਿੱਚੋਂ ਕੇਵਲ ਡਾਟਾ ਰੂਪ ਵਿੱਚ ਵੀ ਉਪਲਬਧ ਕੀਤੇ ਜਾਂਦੇ ਹਨ।

ਇੱਕ ਭਾਸ਼ਾ ਵਿੱਚੋਂ ਦੂਜੀ ਭਾਸ਼ਾ ਵਿੱਚ ਅਨੁਵਾਦ ਸੇਵਾਵਾਂ ਵੀ ਪ੍ਰਣਾਲੀ ਦਾ ਹਿੱਸਾ ਹੁੰਦੀਆਂ ਹਨ। ਸੂਚਨਾ ਵਿਸ਼ਲੇਸ਼ਣ ਕੇਂਦਰ ਪ੍ਰਲੇਖ ਵਿਚਲੀ ਸੂਚਨਾ ਬੌਧਿਕ ਤੌਰ 'ਤੇ ਛਾਣਦਾ ਹੈ, ਅਰਥਾਤ, ਇਹ ਇਸਦਾ ਮੁਲਾਂਕਣ ਕਰਦਾ ਹੈ, ਵਿਸ਼ਲੇਸ਼ਣ ਕਰਦਾ ਹੈ, ਸੰਸ਼ਲੇਸ਼ਣ ਕਰਦਾ ਹੈ, ਅਤੇ ਵਿਸ਼ੇ ਦੇ ਗਿਆਨ ਦੇ ਵਰਤਮਾਨ ਦੌਰ ਬਾਰੇ ਰੀਪੋਰਟ, ਆਲੋਚਨਾਤਮਕ ਸਮੀਖਿਆ, ਡਾਟਾ ਦਾ ਆਲੋਚਨਾਤਮਕ ਸੰਕਲਨ ਰੂਪ ਵਿੱਚ ਮੁੜ ਪੁਲੰਦਾ (ਰੀਪੈਕੇਜ) ਤਿਆਰ ਕਰਦਾ ਹੈ ਤਾਂ ਜੋ ਪਾਠਕਾਂ ਲਈ ਵੱਧ ਵਰਤੋਂਯੋਗ ਬਣ ਸਕਣ।

### 2.2.6 ਸੂਚਨਾ ਦੀ ਵਰਤੋਂ (Use of Information) :

ਉਤਪਾਦਨ ਤੋਂ ਛਪਣ ਪ੍ਰਕਿਰਿਆ ਤੱਕ ਸੂਚਨਾ ਦੇ ਚਲਨ ਵਿੱਚ ਅੰਤਿਮ ਕਦਮ ਸੂਚਨਾ ਦੀ ਵਰਤੋਂ ਦਾ ਹੈ। ਸੂਚਨਾ ਪ੍ਰਣਾਲੀ ਦਾ ਅੰਤਲਾ ਵਰਤੋਂਕਾਰ ਹੀ ਕੇਂਦਰੀ ਬਿੰਦੂ ਹੈ। ਸੂਚਨਾ ਜਾਂ ਪ੍ਰਲੇਖ, ਜਾਂ ਇਸਦੇ ਕਿਸੇ ਹੋਰ ਡਾਟਾ ਦਾ ਅੰਤਲਾ ਵਰਤੋਂਕਾਰ ਹੀ ਲਾਭਪਾਤਰ ਹੈ। ਉਹ ਸੂਚਨਾ ਦਾ ਵਰਤੋਂਕਾਰ ਵੀ ਹੈ ਅਤੇ ਉਤਪਾਦਕ ਵੀ। ਉਦਾਹਰਣ ਦੇ ਤੌਰ 'ਤੇ, ਇੱਕ ਵਿਗਿਆਨੀ ਲੇਖ, ਰੀਪੋਰਟਾਂ, ਅਤੇ ਦੂਜੇ ਪ੍ਰਲੇਖ ਲਿਖਕੇ ਸੂਚਨਾ ਉਤਪਾਦਕ ਹੈ, ਅਤੇ ਆਪਣੇ ਖੋਜ ਨਿਬੰਧ ਲਿਖਣ ਲਈ ਪ੍ਰਲੇਖਾਂ ਦੀ ਭਾਲ ਵਿੱਚ ਰੈਫ਼ਰਲ ਅਤੇ ਗ੍ਰੰਥਾਤਮਕ ਸੇਵਾਵਾਂ ਵਰਤੋਂਕਾਰ ਦੇ ਰੂਪ ਵਿੱਚ ਪ੍ਰਾਪਤ ਕਰਦਾ ਹੈ।

ਸਮਾਜ ਦੇ ਇੱਕ ਭਾਗ ਦੀ ਦੂਜੇ ਭਾਗ ਨਾਲੋਂ ਸੂਚਨਾ ਵਰਤੋਂ ਭਿੰਨ ਹੁੰਦੀ ਹੈ, ਪਰ ਵਿਗਿਆਨਕ ਖੋਜਾਰਥੀ ਇਸਦੀ ਆਪਣੇ ਵਿਗਿਆਨਕ ਕਾਰਜ ਦੇ ਵੱਖ-ਵੱਖ ਪੜਾਵਾਂ 'ਤੇ ਵਰਤੋਂ ਕਰਦਾ ਹੈ। ਵਿੱਕਰੀ ਅਤੇ ਵਿੱਕਰੀ (Vickery and Vickery) ਨੇ ਗਾਰਨੀ (Garney) ਅਤੇ ਸਾਥੀਆਂ ਵੱਲੋਂ ਕੀਤੇ ਅਧਿਐਨ ਦੇ ਹਵਾਲੇ ਨਾਲ ਇਨ੍ਹਾਂ ਪੜਾਵਾਂ ਦੀ ਹੇਠ ਲਿਖੇ ਅਨੁਸਾਰ ਪਛਾਣ ਕੀਤੀ ਹੈ :-

1. **ਸਮੱਸਿਆ ਦੀ ਪਰਿਭਾਸ਼ਾ ਜਾਂ ਬੋਧ ਸ਼ਾਮਿਲ ਕਰਨਾ :-** ਵਿਗਿਆਨਕ ਕਾਰਜ ਦੇ ਆਰੰਭਿਕ ਯੋਜਨਾ ਪੜਾਅ ਉਪਰ ਇਸਦੀ ਲੋੜ ਹੈ।
2. **ਵਿਗਿਆਨਕ ਦਾ ਤਕਨੀਕੀ ਹੱਲ ਸੂਤਰਬੱਧ ਕਰਨਾ :-** ਸਿਧਾਂਤਕ ਅਤੇ ਧਾਰਣਾ ਸਬੰਧੀ ਯੋਜਨਾ ਲਈ ਸੂਚਨਾ ਦੀ ਵਰਤੋਂ ਦੀ ਲੋੜ ਹੁੰਦੀ ਹੈ।
3. **ਲਿਖਤ ਖੋਜ ਪ੍ਰਸਤਾਵ ਦੀ ਤਿਆਰੀ :-** ਕਾਰਜ ਨੂੰ ਪਹਿਲਾਂ ਕੀਤੇ ਹੋਏ ਮਿਲਦੇ-ਜੁਲਦੇ ਕੰਮ ਦੇ

ਸਹੀ ਪ੍ਰਸੰਗ ਵਿੱਚ ਰੱਖਣ ਲਈ ਸੂਚਨਾ ਦੀ ਵਰਤੋਂ ਕੀਤੀ ਜਾਂਦੀ ਹੈ।

4. **ਪ੍ਰਾਰੰਭਕ ਪ੍ਰਯੋਗ :–** ਖੇਤਰ ਵਿੱਚ ਚਲ ਰਹੇ ਖੋਜ ਕਾਰਜ ਨਾਲ ਕੰਮ ਨੂੰ ਸੰਬੰਧਿਤ ਕਰਨ ਵਾਸਤੇ ਸੂਚਨਾ ਵਰਤੀ ਜਾਂਦੀ ਹੈ।
5. **ਪੇਸ਼ਕਾਰੀ :–** ਡਾਟਾ ਇਕੱਤਰ ਕਰਨ ਲਈ ਡੀਜ਼ਾਈਨ ਜਾਂ ਦਾਉ-ਪੇਚ ਦੀ ਚੋਣ ਲਈ ਵਰਤੀ ਜਾਂਦੀ ਹੈ।
6. **ਸਾਜ਼ੋ-ਸਾਮਾਨ ਦਾ ਡੀਜ਼ਾਈਨ ਅਤੇ ਵਿਕਾਸ :–** ਵਿਗਿਆਨਕ ਕੰਮਾਂ ਵਿੱਚ ਸਾਜ਼ੋ-ਸਾਮਾਨ ਦੀ ਵਿਉਂਤਬੰਦੀ ਲਈ ਵਿਗਿਆਨੀ ਸੂਚਨਾ ਦੀ ਵਰਤੋਂ ਕਰਦੇ ਹਨ।
7. **ਵਿਉਂਤਬੰਦੀ ਅਧਿਐਨ/ਪ੍ਰਯੋਗ ਦਾ ਸੂਤਰੀਕਰਨ**
8. **ਡਾਟਾ ਇਕੱਤਰੀਕਰਨ :–** ਡਾਟਾ ਇਕੱਤਰ ਕਰਨ ਦੀ ਵਿਧੀ ਦੀ ਚੋਣ ਵਾਸਤੇ ਸੂਚਨਾ ਦੀ ਲੋੜ ਪੈਂਦੀ ਹੈ।
9. **ਡਾਟਾ ਦਾ ਵਿਸ਼ਲੇਸ਼ਣ :–** ਡਾਟਾ ਵਿਸ਼ਲੇਸ਼ਣ ਦੀ ਵਿਧੀ ਦੀ ਵਰਤੋਂ ਲਈ ਸੂਚਨਾ ਪ੍ਰਯੋਗ ਕੀਤੀ ਜਾਂਦੀ ਹੈ।
10. **ਨਤੀਜਿਆਂ ਦੀ ਵਿਆਖਿਆ :–** ਇਕੱਤਰ ਕੀਤੇ ਹੋਏ ਡਾਟਾ ਦੀ ਪੂਰੀ ਵਿਆਖਿਆ ਕਰਨ ਲਈ ਸੂਚਨਾ ਲੋੜੀਂਦੀ ਹੈ।
11. **ਰੀਪੋਰਟ ਤਿਆਰ ਕਰਨਾ :–** ਵਿਸ਼ੇ ਸਬੰਧੀ ਗਿਆਨ ਦੀ ਵਰਤਮਾਨ ਸਥਿਤੀ ਵਿੱਚ ਪਰਿਣਾਮਾਂ ਦੇ ਏਕੀਕਰਣ ਲਈ ਸੂਚਨਾ ਦੀ ਵਰਤੋਂ ਕੀਤੀ ਜਾਂਦੀ ਹੈ।

ਇਸ ਤਰ੍ਹਾਂ, ਸੂਚਨਾ, ਵਿਗਿਆਨਕ ਅਤੇ ਤਕਨੀਕੀ ਕੰਮਕਾਜ ਦੇ ਸਾਰੇ ਪੜਾਵਾਂ ਉਪਰ ਲਗਾਤਾਰ ਚਾਹੀਦੀ ਹੈ ਅਤੇ ਪ੍ਰਯੋਗ ਕੀਤੀ ਜਾਂਦੀ ਹੈ। ਮੁੱਢਲੇ ਅਤੇ ਅੰਤਿਮ ਪੜਾਅ ਵਿੱਚ ਸੂਚਨਾ ਦੀ ਗਿਣਾਤਮਕ ਵਰਤੋਂ ਵੱਧ ਹੁੰਦੀ ਹੈ।

### 2.2.7 ਸਾਰ (Conclusion) :

ਇਸ ਵਿੱਚ ਸੂਚਨਾ ਦੇ ਮੁੱਢਲੇ ਜੀਵਨ-ਚੱਕਰ ਦੇ ਵੱਖ-ਵੱਖ ਹਿੱਸਿਆਂ ਨੂੰ ਬਿਆਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਤੱਥਾਂ ਅਤੇ ਵਿਚਾਰਾਂ ਦਾ ਉਤਪਾਦਨ; ਸੂਚਨਾ ਦੀ ਸੰਕੇਤਨ ਪ੍ਰਕਿਰਿਆ; ਵੱਖ-ਵੱਖ ਵਿਸ਼ਲੇਸ਼ਣਾਤਮਕ ਕ੍ਰਿਆਵਾਂ ਜਿਵੇ ਂ ਵਰਗੀਕਰਣ, ਅਨੁਕ੍ਰਮਣਿਕਰਣ, ਮੁਲਾਂਕਣ; ਅੱਡ-ਅੱਡ ਮੀਡੀਆ ਰਾਹੀਂ ਸੂਚਨਾ ਦਾ ਸੰਗ੍ਰਹਿ ਅਤੇ ਮੁੜ-ਪ੍ਰਾਪਤੀ; ਅਤੇ ਵਰਤੋਂਕਾਰ ਤੇ ਸਮਾਜ ਦੇ ਲਾਭ ਹਿਤ ਸੂਚਨਾ ਦੀ ਵਰਤੋਂ ਕਰਨਾ ਸ਼ਾਮਿਲ ਹਨ।

### 2.2.8 ਸਵੈ-ਪੜਤਾਲ ਅਭਿਆਸ :

1. ਸੂਚਨਾ ਉਤਪਾਦਨ ਨਾਲ ਸਬੰਧਤ ਵਿਅਕਤੀਆਂ ਦੀ ਭੂਮਿਕਾ ਬਿਆਨ ਕਰੋ।
2. ਸੂਚਨਾ ਦੀ ਪ੍ਰਾਪਤੀ ਅਤੇ ਪ੍ਰਕਿਰਿਆ ਉਪਰ ਨੋਟ ਲਿਖੋ।
3. ਸੂਚਨਾ ਸੰਗ੍ਰਹਿਣ ਲਈ ਵੱਖ-ਵੱਖ ਪਹੁੰਚਾਂ ਦਾ ਵਰਣਨ ਕਰੋ।
4. ਸੂਚਨਾ ਥਾਂ-ਬਦਲੀ ਕਿਵੇਂ ਹੁੰਦੀ ਹੈ? ਦੱਸੋ।
5. ਸੂਚਨਾ ਦੀ ਵਰਤੋਂ ਬਾਰੇ ਸੰਖੇਪ ਵਿੱਚ ਲਿਖੋ।

### 2.2.9 ਹਵਾਲੇ :


1. Gufia, B., *Documentation and Information,* 2nd ed., Calcutta : World Press, 1999.
2. Vickery, B.C. and Vickery, Alina, *Information Science in Theory and Practice,* Ed3, 2004.
3. Weisman, Herman M., *Information Systems, Services and Centres,* New York: Becker and Hayes, 1972.


### 2.2.10 ਸਵੈ-ਪੜਤਾਲ ਅਭਿਆਸ ਦੇ ਉੱਤਰ :

1. ਵੇਖੋ ਭਾਗ 8.2
2. ਵੇਖੋ ਭਾਗ 8.3
3. ਵੇਖੋ ਭਾਗ 8.4
4. ਵੇਖੋ ਭਾਗ 8.5
5. ਵੇਖੋ ਭਾਗ 8.6

**ਪਾਠ ਨੰ. : 2.3** **ਲੇਖਕ : ਪ੍ਰੋ. (ਡਾ.) ਸੇਵਾ ਸਿੰਘ**

# ਗਿਆਨ ਜਗਤ : ਬਣਤਰ, ਸੰਰਚਨਾ ਅਤੇ ਵਿਕਾਸ

## (Universe of Subjects : Formation, Structure and Development)

**ਸੰਰਚਨਾ :**

2.3.0 ਉਦੇਸ਼
2.3.1 ਜਾਣ-ਪਛਾਣ
2.3.2 ਗਿਆਨ ਦਾ ਕਾਰਜ-ਖੇਤਰ
  2.3.2.1 ਗਿਆਨ ਦੀਆਂ ਕਿਸਮਾਂ
2.3.3 ਗਿਆਨ ਦੀ ਪ੍ਰਕਿਰਤੀ
2.3.4 ਵਿਸ਼ਿਆਂ ਦੀ ਬਣਤਰ
  2.3.4.1 ਅੰਗ-ਵਿਛੇਦ
  2.3.4.2 ਪਰਤਬੰਦੀ
  2.3.4.3 ਅਨਾਵਰਨ (ਡੇਨਉਡੇਸ਼ਨ)
  2.3.4.4 ਅਸੰਯੁਕਤ ਇਕੱਤਰੀਕਰਣ
    2.3.4.4.1 ਅਸੰਯੁਕਤ ਇਕੱਤਰੀਕਰਣ-1
    2.3.4.4.2 ਅਸੰਯੁਕਤ ਇਕੱਤਰੀਕਰਣ-2
    2.3.4.4.3 ਅਸੰਯੁਕਤ ਇਕੱਤਰੀਕਰਣ-3
  2.3.4.5 ਉੱਪਰ-ਠੋਸਣ (Superimposition)
  2.3.4.6 ਵਿਖੰਡਨ
  2.3.4.7 ਸ਼ੁੱਧੀਕਰਣ ਕਿਸਮ-1
  2.3.4.8 ਸ਼ੁੱਧੀਕਰਣ ਕਿਸਮ-2
  2.3.4.9 ਸੰਯੋਜਨ
  2.3.4.10 ਸਮੂਹ
  2.3.4.11 ਇਕੱਤਰੀਕਰਣ ਕਿਸਮ-1
  2.3.4.12 ਇਕੱਤਰੀਕਰਣ ਕਿਸਮ-2
2.3.5 ਵਿਸ਼ਿਆਂ ਦੀ ਸੰਰਚਨਾ
  2.3.5.1 ਦੁਵਰਗੀਕਰਣ (ਦੁਫਾੜ)
    2.3.5.1.1 ਪੋਰਫੇਰੀ ਦਾ ਰੁਖ਼
  2.3.5.2 ਦਸ ਫਾੜ
    2.3.5.2.1 ਦਸ ਫਾੜ ਦੀ ਆਪਮਤੀ
  2.3.5.3 ਬਹੁਫਾੜ
  2.3.5.4 ਪ੍ਰਫੁਲਨ
2.3.6 ਵਿਸ਼ਾ ਸੰਰਚਨਾ ਯੋਜਨਾ
  2.3.6.1 ਇਕ ਪਾਸਾਰੀ ਵਿਖਾਲਾ

2.3.6.2 ਗ੍ਰਾਫਿਕ ਵਿਖਾਲਾ

2.3.7 ਵਿਸ਼ਾ ਜਗਤ ਦਾ ਵਿਕਾਸ

2.3.7.1 ਪੁਰਾਤਨ ਕਾਲ

2.3.7.2 ਭੂਤਕਾਲੀ ਅਨਿਯਮਿਤ ਵਿਕਾਸ

2.3.7.3 ਸਮਾਨਾਂਤਰ ਖੋਜ

2.3.7.4 ਪਛੜੇਵਾਂ

2.3.7.5 ਵਰਤਮਾਨ ਵਿੱਚ ਸੰਗਠਿਤ ਵਿਕਾਸ

2.3.7.5.1 ਟੀਮ ਖੋਜ

2.3.7.6 ਰਿਲੇ ਖੋਜ

2.3.7.7 ਸੂਚਨਾ ਦਾ ਤਬਾਦਲਾ

2.3.7.8 ਪਛੜੇਵਾਂ ਘਟਾਇਆ

2.3.7.9 ਨਵੇਂ ਵਿਸ਼ਿਆਂ ਦਾ ਵਲਦਾਰ ਵਿਕਾਸ

2.3.7.10 ਗਤੀਸ਼ੀਲ ਸਿਲਸਿਲਾ

2.3.8 ਸਾਰ

2.3.9 ਸਵੈ-ਪੜਤਾਲ ਅਭਿਆਸ

2.3.10 ਹਵਾਲੇ

2.3.11 ਸਵੈ-ਪੜਤਾਲ ਅਭਿਆਸ ਦੇ ਹੱਲ।


## 2.3.0 ਉਦੇਸ਼ (Objective) :

ਇਸ ਪਾਠ ਦੇ ਹੇਠ ਲਿਖੇ ਉਦੇਸ਼ ਹਨ :-

(ੳ) ਗਿਆਨ ਦਾ ਕਾਰਜ-ਖੇਤਰ ਅਤੇ ਪ੍ਰਕਿਰਤੀ ਜਾਣਨਾ

(ਅ) ਵਿਸ਼ਿਆਂ ਦੀ ਬਣਤਰ ਅਤੇ ਸੰਰਚਨਾ ਦਾ ਗਿਆਨ

(ੲ) ਇਤਿਹਾਸਕ ਪਰਿਪੇਖ ਵਿੱਚ ਗਿਆਨ ਜਗਤ ਦਾ ਵਿਕਾਸ।

## 2.3.1 ਜਾਣ-ਪਛਾਣ (Introduction) :

ਮਨੁੱਖ ਦੇ ਵਿਕਾਸ ਦੇ ਨਾਲ ਹੀ ਗਿਆਨ ਦਾ ਵਿਕਾਸ ਹੋ ਰਿਹਾ ਹੈ। ਅਨੇਕ ਸਦੀਆਂ ਤੱਕ ਇਹ ਬੜੀ ਧੀਮੀ ਗਤੀ ਨਾਲ ਵਿਕਸਿਤ ਹੁੰਦਾ ਰਿਹਾ, ਪਰ ਅਠ੍ਹਾਰਵੀਂ ਸਦੀ ਤੋਂ ਗਿਆਨ ਦੇ ਵਿਕਾਸ ਦੀ ਦਰ ਵਿੱਚ ਤੇਜ਼ੀ ਆਉਣੀ ਸ਼ੁਰੂ ਹੋ ਗਈ। ਉਸ ਉੱਪਰੰਤ ਵਿਸ਼ੇਸ਼ ਕਰਕੇ ਵੀਹਵੀਂ ਸਦੀ ਦੇ ਦੂਸਰੇ ਅੱਧ ਤੋਂ ਬਾਅਦ, ਗਿਆਨ ਦਾ ਬਹੁ-ਪਸਾਰੀ, ਗਤੀਸ਼ੀਲ ਵਿਕਾਸ ਹੁੰਦਾ ਆ ਰਿਹਾ ਹੈ। ਭਿੰਨ-ਭਿੰਨ ਵਿਸ਼ਿਆਂ ਵਿੱਚ ਗਿਆਨ ਦੀ ਬੇਮਿਸਾਲ ਉੱਨਤੀ ਹੋਣ ਕਰਕੇ ਗਿਆਨ ਵਿੱਚ ਬਹੁਤ ਤੇਜ਼ ਗਤੀ ਨਾਲ ਵਾਧਾ ਹੋ ਰਿਹਾ ਹੈ।

ਗਿਆਨ ਜਗਤ ਵਿੱਚ ਹੋ ਰਹੇ ਵਿਕਾਸ ਦੀਆਂ ਵਿਸ਼ੇਸ਼ਤਾਈਆਂ ਅਤੇ ਆਮ ਰੁਝਾਨਾਂ ਬਾਰੇ ਲਾਇਬ੍ਰੇਰੀ ਅਤੇ ਸੂਚਨਾ ਵਿਵਸਾਇਕਾਂ ਨੂੰ ਪੂਰੀ ਸਮਝ ਹੋਣੀ ਚਾਹੀਦੀ ਹੈ। ਵਿਸ਼ਿਆਂ ਵਿੱਚ ਹੋ ਰਹੇ ਵਾਧੇ ਨੂੰ ਇਕੱਲੇ ਕੋਲਨ ਕਲਾਸੀਫਿਕੇਸ਼ਨ ਵਰਗੀਕਰਣ ਪ੍ਰਣਾਲੀ ਵਿੱਚ ਸ਼ਾਮਿਲ ਵਿਸ਼ਿਆਂ ਤੋਂ ਮਿਕਦਾਰ ਜਾਣੀ ਜਾ ਸਕਦੀ ਹੈ ਕਿ ਇਸਦੇ ਪਹਿਲੇ ਸੰਸਕਰਣ (1933) ਵਿੱਚ ਕੇਵਲ ਦੋ ਦਰਜਨ ਵਿਸ਼ਿਆਂ ਤੋਂ ਵਧਕੇ ਸੱਤਵੇਂ ਸੰਸਕਰਣ (1987) ਤੱਕ 779 ਹੋ ਗਏ। ਇਹ ਗਿਣਤੀ ਵੀ ਸਹੀ ਤਸਵੀਰ ਪੇਸ਼ ਨਹੀਂ ਕਰਦੀ, ਕਿਉਂਕਿ ਕਈ ਵਿਸ਼ੇ ਉਸ ਵਿੱਚ ਸ਼ਾਮਿਲ ਹੋਣੋਂ ਰਹਿ ਗਏ, ਜਾਂ ਕਈ ਹੋਰ ਵਿਕਸਤ ਹੋ ਗਏ।

ਗਿਆਨ ਦੇ ਵਿਕਾਸ ਲਈ ਵਿਸ਼ੇ ਕਿਸ ਤਰ੍ਹਾਂ ਬਣਦੇ ਹਨ, ਇਸ ਬਾਰੇ ਕੁਝ ਅਧਿਐਨ ਕੀਤੇ ਗਏ ਹਨ। ਰੰਗਾਨਾਥਨ ਨੇ ਵਿਸ਼ਿਆਂ ਦੀ ਬਣਤਰ ਬਾਰੇ ਤਰੀਕਿਆਂ ਨੂੰ ਨੇਮਬੱਧ ਕੀਤਾ ਹੈ। ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਵਿੱਚ ਉਪਲਬਧ ਪ੍ਰਕਾਸ਼ਿਤ ਅਤੇ ਅਪ੍ਰਕਾਸ਼ਿਤ ਪ੍ਰਲੇਖਾਂ ਵਿੱਚ ਅੰਕਿਤ ਗਿਆਨ ਨੂੰ ਵਿਵਸਥਿਤ ਕਰਨ ਲਈ ਉਸਨੇ ਸੰਰਚਨਾ ਉਪਲਬਧ ਕੀਤੀ ਹੈ।

**2.3.2 ਗਿਆਨ ਦਾ ਕਾਰਜ-ਖੇਤਰ (Scope of Knowledge) :**

ਇਹ ਸੱਚਾਈ ਹੈ ਕਿ ਗਿਆਨ ਵਿਚਾਰਾਂ ਅਤੇ ਸੰਕਲਪਾਂ ਦਾ ਸੰਗਠਿਤ ਅਤੇ ਵਿਵਸਥਿਤ ਵਰਗ ਹੈ। ਇਹ ਵੀ ਪਤਾ ਹੈ ਕਿ ਗਿਆਨ ਅਸੀਮ ਹੈ, ਗਤੀਸ਼ੀਲ ਸਿਲਸਿਲਾ ਹੈ, ਅਤੇ ਨਿਰੰਤਰ ਵਿਕਾਸਸ਼ੀਲ ਹੈ। ਆਧੁਨਿਕ ਗਿਆਨ ਜਗਤ ਬਹੁਤ ਵਿਸ਼ਾਲ ਅਤੇ ਜਟਿਲ ਹੈ, ਅਤੇ ਇਸਦੀ ਸੰਰਚਨਾ ਦਾ ਵਿਆਪਕ ਨਕਸ਼ਾ ਉਲੀਕਣਾ ਬਹੁਤ ਮੁਸ਼ਕਿਲ ਕੰਮ ਹੈ। ਇਸਦੇ ਸਾਰੇ ਖੇਤਰਾਂ ਅਤੇ ਉਪ-ਖੇਤਰਾਂ, ਵਿਸ਼ੇਸ਼ ਕਰਕੇ ਕੰਪਿਊਟਰ ਅਤੇ ਸੰਚਾਰ, ਵਿਗਿਆਨ ਅਤੇ ਸ਼ਿਲਪ ਵਿਗਿਆਨ ਵਿੱਚ ਹੋਈ ਉੱਨਤੀ ਅਤੇ ਵਿਕਾਸ ਦਾ ਅਨੁਮਾਨ ਲਗਾਉਣਾ ਵੀ ਬਹੁਤ ਮੁਸ਼ਕਿਲ ਕੰਮ ਹੈ। ਵਿਸ਼ਿਆਂ ਦਾ ਵਿਕਾਸ ਵੀ ਬਹੁ-ਅਨੁਸ਼ਾਸਨੀ ਅਤੇ ਬਹੁ-ਵਿਸ਼ਾਵਾਰੀ ਢੰਗਾਂ ਨਾਲ ਹੋ ਰਿਹਾ ਹੈ। ਲਾਇਬ੍ਰੇਰੀ ਅਤੇ ਸੂਚਨਾ ਵਿਵਸਾਈ, ਕਿਉਂਕਿ ਪ੍ਰਕਾਸ਼ਿਤ ਸਾਹਿਤ ਵਿੱਚ ਸੰਮਿਲਿਤ ਗਿਆਨ ਨਾਲ ਸੰਬੰਧਤ ਹੁੰਦੇ ਹਨ, ਉਨ੍ਹਾਂ ਨੂੰ ਵਿਸ਼ਿਆਂ ਅਤੇ ਗਿਆਨ ਦੇ ਢੰਗਾਂ ਨਾਲ ਜਾਣ-ਪਛਾਣ ਵਧਾਉਣੀ ਚਾਹੀਦੀ ਹੈ।

**2.3.2.1 ਗਿਆਨ ਦੀਆਂ ਕਿਸਮਾਂ (Types of Knowledge) :-** ਮੋਟੇ ਰੂਪ ਵਿੱਚ ਗਿਆਨ ਨੂੰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ :-

1. **ਨਿੱਜੀ ਗਿਆਨ :-** ਇਹ ਇੱਕ ਵਿਅਕਤੀ ਦਾ ਆਪਣਾ ਗਿਆਨ ਹੈ ਅਤੇ ਉਸਦੇ ਰਾਹੀਂ ਦੂਜਿਆਂ ਤੱਕ ਪਹੁੰਚਦਾ ਹੈ। ਇਸ ਤਰ੍ਹਾਂ ਇਹ ਜਨਤਕ ਗਿਆਨ ਵਿੱਚ ਯੋਗਦਾਨ ਪਾਉਂਦਾ ਹੈ।
2. **ਜਨਤਕ ਗਿਆਨ :-** ਇਹ ਸਾਰੇ ਸਮਾਜ ਦਾ ਸਮੂਹਿਕ ਗਿਆਨ ਹੈ। ਸਮਾਜ ਦੇ ਸਾਰੇ ਮੈਂਬਰਾਂ ਨੂੰ ਇਹ ਗਿਆਨ ਮੁਫ਼ਤ ਅਤੇ ਬਰਾਬਰ ਉਪਲਬਧ ਹੈ। ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਦਾ ਸੰਬੰਧ ਇਸ ਜਨਤਕ ਗਿਆਨ ਨਾਲ ਹੁੰਦਾ ਹੈ।

**2.3.3 ਗਿਆਨ ਦੀ ਪ੍ਰਕ੍ਰਿਤੀ (Nature of Knowledge) :**

ਗਿਆਨ ਦੀ ਪ੍ਰਕ੍ਰਿਤੀ ਹੈ ਕਿ ਇਹ ਬੇਹੱਦ ਵਿਕਾਸਸ਼ੀਲ ਹੈ, ਅਤੇ ਐਲਵਿਨ ਟਾਫ਼ਲਰ (Alvin Toffler) ਅਨੁਸਾਰ, ਇਸਦੇ ਕਾਰਜ-ਖੇਤਰ ਵਿੱਚ ਡਾਟਾ, ਸੂਚਨਾ, ਚਿੱਤਰ, ਵਿਸ਼ੇਸ਼ਤਾ, ਗੁਣ, ਅਤੇ ਸਮਾਜ ਦੇ ਹੋਰ ਚਿੰਨ੍ਹਾਤਮਕ ਉਤਪਾਦ ਸ਼ਾਮਿਲ ਕੀਤੇ ਜਾਂਦੇ ਹਨ। ਗਿਆਨ ਸ਼ਕਤੀ ਹੋਣ ਕਰਕੇ, ਦੁਨੀਆਂ ਦੇ ਸਾਰੇ ਦੇਸ਼ ਸ਼ਕਤੀ ਦੇ ਇਸ ਸਭ ਤੋਂ ਉੱਤਮ ਸ੍ਰੋਤ ਉੱਪਰ ਨਿਯੰਤ੍ਰਣ ਕਰਨਾ ਚਾਹੁੰਦੇ ਹਨ। ਅੱਜ ਸਾਰੀਆਂ ਮਨੁੱਖੀ ਸਰਗਰਮੀਆਂ ਸੂਚਨਾ ਅਤੇ ਗਿਆਨ ਉੱਪਰ ਨਿਰਭਰ ਕਰਦੀਆਂ ਹਨ ਅਤੇ ਸੂਚਨਾ ਕ੍ਰਾਂਤੀ ਹੋਂਦ ਵਿੱਚ ਆਉਣ ਦਾ ਵੀ ਇਹ ਹੀ ਕਾਰਣ ਹੈ। ਸਮਾਜ ਹੁਣ ਸੂਚਨਾ ਸਮਾਜ ਤੋਂ ਅੱਗੇ ਗਿਆਨ ਸਮਾਜ ਵੱਲ ਗਤੀਸ਼ੀਲ ਹੋ ਰਿਹਾ ਹੈ, ਜਿੱਥੇ ਗਿਆਨ ਰਵਾਇਤੀ ਖੇਤਰਾਂ ਤੱਕ ਹੀ ਸੀਮਿਤ ਨਹੀਂ ਰਹੇਗਾ, ਸਗੋਂ ਇਸਦਾ ਆਧਾਰ ਬਹੁਤ ਵਿਸ਼ਾਲ ਹੋਵੇਗਾ।

**2.3.4 ਵਿਸ਼ਿਆਂ ਦੀ ਬਣਤਰ (Formation of Subjects) :**

ਵਿਸ਼ਾ ਜਗਤ, ਗਿਆਨ ਜਗਤ ਨਾਲ ਹੀ ਪਰਸਪਰ ਸੰਬੰਧਤ ਹੈ। ਦਾਰਸ਼ਨਿਕ ਹਮੇਸ਼ਾ ਗਿਆਨ ਜਗਤ ਨੂੰ ਛੋਟੇ -ਛੋਟੇ ਅੰਸ਼ਾਂ ਵਿੱਚ ਵੰਡਣ ਦੀ ਕੋਸ਼ਿਸ਼ ਕਰਦੇ ਰਹੇ ਹਨ, ਅਤੇ ਇਨ੍ਹਾਂ ਅੰਸ਼ਾਂ ਨੂੰ ਕਿਸੇ ਨਿਸ਼ਚਿਤ ਮੰਨਣਯੋਗ ਕ੍ਰਮ ਵਿੱਚ ਤਰਤੀਬ ਕਰਦੇ ਰਹੇ ਹਨ। ਪਰ, ਲਾਇਬ੍ਰੇਰੀ ਅਤੇ ਸੂਚਨਾ ਵਿਵਸਾਈ ਵਿਸ਼ਾ ਜਗਤ ਨੂੰ ਅੰਸ਼ਾਂ ਵਿੱਚ ਵੰਡਣ ਅਤੇ ਉਨ੍ਹਾਂ ਨੂੰ ਸਹਾਇਕ ਕ੍ਰਮ ਵਿੱਚ ਤਰਤੀਬ ਦੇਣ ਨਾਲ ਸੰਬੰਧਤ ਰਹੇ ਹਨ ਤਾਂ ਜੋ ਪ੍ਰਲੇਖਾਂ ਨੂੰ ਵਿਸ਼ਾ ਪਹੁੰਚ ਉਪਲਬਧ ਕੀਤੀ ਜਾ ਸਕੇ। ਉਨ੍ਹਾਂ ਨੇ ਸੂਚਨਾ ਪਸਾਰ ਅਤੇ ਹੋਰ ਅਨੇਕ ਸੇਵਾਵਾਂ ਪ੍ਰਦਾਨ ਕਰਨ ਹਿੱਤ ਭਿੰਨ-ਭਿੰਨ ਸਾਧਨ ਅਤੇ ਤਕਨੀਕਾਂ ਵਿਕਸਤ ਕੀਤੀਆਂ ਹਨ। ਰੰਗਾਨਾਥਨ ਨੇ ਇਨ੍ਹਾਂ ਸਾਧਨਾਂ ਅਤੇ ਤਕਨੀਕਾਂ ਦੇ ਵਿਕਾਸ ਅਤੇ ਵਿਉਂਤ ਖੇਤਰ ਵਿੱਚ ਇੱਕ ਸ਼ਕਤੀਸ਼ਾਲੀ ਸਿਧਾਂਤਕ ਆਧਾਰ ਵਿਕਸਿਤ ਕੀਤਾ ਹੈ। ਇਸ ਪ੍ਰਕ੍ਰਿਆ ਵਿੱਚ ਉਸਨੇ ਵਿਸ਼ਿਆਂ ਦੀ ਬਣਤਰ ਦਾ ਅਧਿਐਨ ਕੀਤਾ ਅਤੇ ਵਿਸ਼ਿਆਂ ਦੀ ਬਣਤਰ ਵਾਸਤੇ ਕੁਝ ਪੱਧਤੀਆਂ ਦੀ ਪਛਾਣ ਕੀਤੀ। ਵਿਸ਼ਿਆਂ ਦੀ ਬਣਤਰ ਅਤੇ ਉਨ੍ਹਾਂ ਦੀ ਤਰਤੀਬ ਵਾਸਤੇ ਰੰਗਾਨਾਥਨ ਨੇ ਪੰਜ ਮੁੱਢਲੀਆਂ ਪੱਧਤੀਆਂ ਨੂੰ ਮਾਨਤਾ ਦਿੱਤੀ। ਉਸੇ ਹੀ ਵਿਧੀ-ਵਿਗਿਆਨ ਉੱਪਰ ਨੀਲਮੇਘਨ ਨੇ ਵਿਸ਼ਿਆਂ ਦੀ ਬਣਤਰ ਦੀਆਂ ਹੋਰ ਵਿਧੀਆਂ ਤਿਆਰ ਕੀਤੀਆਂ, ਜਿਸ ਨਾਲ ਇਨ੍ਹਾਂ ਦੀ ਗਿਣਤੀ ਬਾਰਾਂ ਹੋ ਗਈ। ਇਨ੍ਹਾਂ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ :-

**2.3.4.1 ਅੰਗ-ਵਿੱਛੇਦ (Dissection) :-** ਰੰਗਾਨਾਥਨ ਨੇ ਅੰਗ-ਵਿੱਛੇਦ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ - ''ਅਸਤਿਤਵ ਜਗਤ ਨੂੰ ਬਰਾਬਰ ਦਰਜੇ ਦੇ ਹਿੱਸਿਆਂ ਵਿੱਚ ਵੰਡਣਾ, ਜਿਵੇਂ ਅਸੀਂ ਡਬਲਰੋਟੀ ਨੂੰ ਛੋਟੇ ਟੁਕੜਿਆਂ ਵਿੱਚ ਕੱਟ ਲੈਂਦੇ ਹਾਂ।'' ਉਹ ਅੱਗੇ ਜਾਕੇ ਦੱਸਦਾ ਹੈ ਕਿ ਜਦੋਂ ਇਨ੍ਹਾਂ ਹਿੱਸਿਆਂ ਦੀ ਦਰਜਾਬੰਦੀ ਕੀਤੀ

ਜਾਂਦੀ ਹੈ ਤਾਂ ਇਹ ਇੱਕ ਪੰਕਤੀ ਬਣ ਜਾਂਦੀ ਹੈ। ਹਰੇਕ ਹਿੱਸੇ ਨੂੰ ਪਤਲੀ ਪਰਤ (Lamina) ਕਹਿੰਦੇ ਹਨ। ਉਦਾਹਰਣ ਦੇ ਤੌਰ 'ਤੇ, ਵਿਸ਼ਾ ਜਗਤ ਕੁਝ ਅੰਗ-ਵਿੱਛੇਦ ਕੀਤੇ ਵਿਸ਼ੇ ਜਿਵੇਂ ਬਨਸਪਤੀ-ਵਿਗਿਆਨ (Botany), ਖੇਤੀ (Agriculture), ਜੀਵ-ਵਿਗਿਆਨ (Zoology), ਸਿਲਸਿਲੇਵਾਰ ਭਾਗ ਹੁੰਦੇ ਹਨ।

1. **ਅੰਗ-ਵਿੱਛੇਦ ਦੀ ਲੜੀ :-** ਅੰਗ-ਵਿੱਛੇਦ ਦੇ ਨਤੀਜੇ ਵਜੋਂ ਹਰੇਕ ਵਿਸ਼ਾ ਆਪਣੇ-ਆਪ ਵਿੱਚ ਬ੍ਰਹਿਮੰਡ ਜਾਂ ਜਗਤ ਹੈ। ਇਸਦਾ ਹੋਰ ਅੱਗੇ ਆਪਣੇ ਭਾਗਾਂ ਵਿੱਚ ਅੰਗ-ਵਿੱਛੇਦ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਇਹ ਸਿਲਸਿਲੇਵਾਰ ਲੜੀ ਵਿੱਚ ਉਨੀ ਦੇਰ ਕੀਤਾ ਜਾ ਸਕਦਾ ਹੈ, ਜਦੋਂ ਤੱਕ ਜ਼ਰੂਰੀ ਜਾਂ ਸੰਭਵ ਹੋਵੇ।
2. **ਬਣਤਰ ਦਾ ਇੱਕ ਢੰਗ :-** ਰੰਗਾਨਾਥਨ ਅਨੁਸਾਰ ਪਹਿਲੂ-ਉਪਬੰਧ ਵਰਗੀਕਰਣ (Faceted Classification) ਵਿੱਚ ਵਿਸ਼ਾ ਬਣਤਰ ਦਾ ਅੰਗ-ਵਿੱਛੇਦ ਦੇ ਢੰਗਾਂ ਵਿੱਚੋਂ ਇੱਕ ਢੰਗ ਹੈ, ਪਰ ਇੱਕ ਵਿਵਰਣਾਤਮਕ ਵਰਗੀਕਰਣ (emumerative classification) ਵਿੱਚ ਵਿਸ਼ਿਆਂ ਦੀ ਬਣਤਰ ਵਾਸਤੇ ਇਹ ਇੱਕ ਵਿਧੀ ਹੈ।

**2.3.4.2 ਪਰਤਬੰਦੀ (Lamination) :-** ਇਸਦੀ ਪਰਿਭਾਸ਼ਾ ਇਸ ਪ੍ਰਕਾਰ ਹੈ - ''ਜਿਸ ਤਰ੍ਹਾਂ ਅਸੀਂ ਬਰੈਡ ਦੀ ਤਹਿ ਉੱਪਰ ਸਬਜ਼ੀ ਦੀ ਤਹਿ ਲਗਾਕੇ ਸੈਂਡਵਿਚ ਬਣਾ ਲੈਂਦੇ ਹਾਂ, ਉਸੇ ਪ੍ਰਕਾਰ ਹੀ ਪਹਿਲੂ ਉੱਪਰ ਪਹਿਲੂ ਦੀ ਪਰਤ ਲਗਾਉਣਾ ਹੈ। ਜਦੋਂ ਆਧਾਰ ਤਹਿ ਆਧਾਰ ਵਿਸ਼ਾ ਹੋਵੇ ਅਤੇ ਦੂਜੀਆਂ ਪਰਤਾਂ ਇਕੱਲ ਵਿਚਾਰ ਹੋਣ ਤਾਂ ਇੱਕ ਸੰਯੁਕਤ ਵਿਸ਼ੇ ਦੀ ਰਚਨਾ ਹੁੰਦੀ ਹੈ।'' ਇਹ ਦੋ ਤਰ੍ਹਾਂ ਦੇ ਹੁੰਦੇ ਹਨ :-

1. **ਪਰਤਬੰਦੀ - ਪਹਿਲੀ ਕਿਸਮ :-** ਇਸ ਵਿੱਚ ਇੱਕ ਜਾਂ ਵੱਧ ਇਕੱਲ ਪਹਿਲੂਆਂ ਦੀ ਆਧਾਰ ਪਹਿਲੂ ਉੱਪਰ ਪਰਤਬੰਦੀ ਕਰਕੇ ਇੱਕ ਸੰਯੁਕਤ ਵਿਸ਼ੇ ਦੀ ਰਚਨਾ ਕਰ ਲਈ ਜਾਂਦੀ ਹੈ।
2. **ਪਰਤਬੰਦੀ - ਦੂਜੀ ਕਿਸਮ :-** ਨੀਲਮੇਘਨ ਅਨੁਸਾਰ, ਇਹ ਮੁੱਖ ਵਿਸ਼ੇ ਨਾਲ ਸਪੈਸੀਏਟਰ (speciator) ਜਾਂ ਕੁਆਲੀਫਾਇਰ (qualifier) ਰੂਪੀ ਸੰਯੋਜਤ ਵਸਤੂ ਲਗਾਉਣ ਨਾਲ ਸੰਬੰਧਤ ਹੈ। ਉਦਾਹਰਣ ਦੇ ਤੌਰ 'ਤੇ ''ਅਨਾਜ ਦੀ ਖੇਤੀ'' ਵਿਸ਼ੇ ਵਿੱਚ ਦੋ ਪਰਤਾਂ 'ਖੇਤੀ' ਅਤੇ 'ਅਨਾਜ', ਆਧਾਰ ਵਿਸ਼ੇ 'ਖੇਤੀ' ਦੇ ਦੁਹਾਂ ਸਿਰਿਆਂ ਉੱਪਰ ਹੁੰਦੀਆਂ ਹਨ।

   ਦੂਜੀ ਕਿਸਮ ਦੀ ਪਰਤਬੰਦੀ ਵਿੱਚ ਵਿਸ਼ਿਸ਼ਟ ਆਧਾਰ ਵਿਸ਼ਿਆਂ ਦੀ ਬਣਤਰ ਲਈ ਕਿਸੇ ਵਿਸ਼ੇ ਦੇ ਅਧਿਐਨ ਲਈ ਪ੍ਰਮੁੱਖ ਅਸਿਤਤਵ ਨੂੰ ਇੱਕ ਸਪੈਸੀਏਟਰ (speciator) ਦੀ ਮਦਦ ਨਾਲ ਯੋਗ ਬਣਾਇਆ ਜਾਂਦਾ ਹੈ। ਉਦਾਹਰਣ ਲਈ, ਚਿਕਿਤਸਾ ਵਿਗਿਆਨ ਵਿੱਚ ਵਿਸ਼ੇ ਨੂੰ 'ਉਮਰ' ਜਾਂ 'ਲਿੰਗ' ਭੇਦ ਰਾਹੀਂ ਯੋਗ ਬਣਾਇਆ ਜਾ ਸਕਦਾ ਹੈ।
3. **ਪਰਤਬੰਦੀ ਦੀ ਲੜੀ :-** ਇੱਕ, ਦੋ, ਤਿੰਨ, ਆਦਿ ਇਕੱਲ ਵਿਚਾਰਾਂ ਨੂੰ ਆਧਾਰ ਵਿਸ਼ੇ ਨੂੰ ਆਧਾਰ ਲੈਮਿਨਾ (Lamina) ਬਣਾਕੇ ਦੋ, ਤਿੰਨ, ਚਾਰ, ਆਦਿ ਪਹਿਲੂਆਂ ਵਾਲੇ ਸੰਯੁਕਤ ਵਿਸ਼ੇ ਬਣਾਏ ਗਏ ਹਨ।
4. **ਵਿਵਰਣਾਤਮਕ ਵਰਗੀਕਰਣ :-** ਕਿਸੇ ਵਿਵਰਣਾਤਮਕ ਵਰਗੀਕਰਣ ਵਿੱਚ ਪਰਤਬੰਦੀ ਵਿਧੀ ਨਹੀਂ ਅਪਣਾਈ ਜਾਂਦੀ।

**2.3.4.3 ਅਨਾਵਰਨ (Denudation) :-** ਅਨਾਵਰਨ ''ਕਿਸੇ ਆਧਾਰ ਵਿਸ਼ੇ ਜਾਂ ਇਕੱਲ ਵਿਚਾਰ ਦੇ ਵਿਸਤਾਰ ਦਾ ਸਿਲਸਿਲੇਵਾਰ ਘਟਣਾ ਜਾਂ ਉਸਦੀ ਗਹਿਰਾਈ ਦਾ ਵਧਣਾ, ਜਿਸ ਤਰ੍ਹਾਂ ਅਸੀਂ ਨਰਮ ਫਲ ਦੇ ਗੁੱਦੇ ਨੂੰ ਚਮਚੇ ਦੀ ਸਹਾਇਤਾ ਨਾਲ ਹੇਠਲੀ ਡੂੰਘਾਈ ਵਿੱਚੋਂ ਵੀ ਬਾਹਰ ਲੈ ਆਉਂਦੇ ਹਾਂ, ਜਾਂ ਜਿਵੇਂ ਅਸੀਂ 'ਖੂਹ ਪੁੱਟ ਲੈਂਦੇ ਹਾਂ'' ਹੁੰਦਾ ਹੈ। ਜੇ.ਐਚ. ਸ਼ੇਰਾ (J.H. Shera) ਦੇ ਸ਼ਬਦਾਂ ਵਿੱਚ, ਅਨਾਵਰਨ ''ਗਿਆਨ ਦੇ ਕਿਸੇ ਨਵੇ ਖੇਤਰ ਨੂੰ ਖੋਰ (erosion) ਨਾਲ, ਜਾਂ ਖੋਜ ਜਾਂ ਜਾਂਚ ਰਾਹੀਂ ਪ੍ਰਗਟ ਕਰਨ ਨੂੰ ਕਹਿੰਦੇ ਹਨ।''

ਉਦਾਹਰਣ ਦੇ ਰੂਪ ਵਿੱਚ : ਦਰਸ਼ਨ-ਸ਼ਾਸਤਰ - ਤਰਕ-ਸ਼ਾਸਤਰ - ਅਨੁਮਾਨਯੋਗ ਤਰਕ।

1. **ਵਿਵਰਣਾਤਮਕ ਵਰਗੀਕਰਣ (Enumerative Classification) :-** ਇੱਕ ਵਿਵਰਣਾਤਮਕ ਵਰਗੀਕਰਣ ਵਿੱਚ 'ਅਨਾਵਰਨ' ਪਦ ਦੀ ਵਰਤੋਂ ਨਾ ਕੇਵਲ ਆਧਾਰ ਵਿਸ਼ਿਆਂ, ਸਗੋਂ ਮਿਸ਼੍ਰਿਤ ਅਤੇ ਸੰਯੁਕਤ

ਵਿਸ਼ਿਆਂ ਵਿੱਚ ਵੀ ਕੀਤੀ ਜਾਂਦੀ ਹੈ।

**2.3.4.4 ਅਸੰਯੁਕਤ ਇਕੱਤਰੀਕਰਣ (Loose Assemblage) :-** ਇਹ ਦੋ ਜਾਂ ਵੱਧ (i) ਵਿਸ਼ਿਆਂ (ਆਧਾਰ ਜਾਂ ਮਿਸ਼੍ਰਿਤ), (ii) ਇਕੱਲ ਵਿਚਾਰਾਂ (ਇੱਕ ਹੀ ਪਹਿਲੂ ਜਾਂ ਇੱਕ ਹੀ ਪੰਗਤੀ ਵਿੱਚ) ਦਾ ਆਪਸੀ ਇਕੱਤਰੀਕਰਣ ਹੈ। ਇਸ ਦੀਆਂ ਤਿੰਨ ਕਿਸਮਾਂ ਹਨ :-

1. **ਅਸੰਯੁਕਤ ਇਕੱਤਰੀਕਰਣ-1 :-** ਇਸ ਵਿਧੀ ਵਿੱਚ ਦੋ ਜਾਂ ਵੱਧ ਵਿਸ਼ਿਆਂ - ਸਾਧਾਰਣ ਜਾਂ ਮਿਸ਼੍ਰਿਤ - ਦੇ ਪਰਸਪਰ ਸੰਬੰਧ ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਸੰਬੰਧ ਵਿਆਪਕ ਹੋ ਸਕਦਾ ਹੈ, ਜਾਂ ਪੱਖਪਾਤੀ, ਜਾਂ ਤੁਲਨਾ ਦਾ, ਜਾਂ ਅੰਤਰ ਦਾ, ਜਾਂ ਪ੍ਰਭਾਵ ਵਾਲਾ, ਜਾਂ ਦੂਜੇ ਵਿਸ਼ੇ ਦੇ ਅਧਿਐਨ ਵਾਸਤੇ ਕਿਸੇ ਹੋਰ ਵਿਸ਼ੇ ਨੂੰ ਸਾਧਨ ਦੇ ਤੌਰ 'ਤੇ ਵਰਤ ਲੈਣਾ। ਇਸਨੂੰ ''ਅੰਤਰ ਵਿਸ਼ਾ ਦਸ਼ਾ ਸੰਬੰਧ'' ਕਿਹਾ ਜਾਂਦਾ ਹੈ। ਇਸਦਾ ਸਿੱਟਾ ਜਟਿਲ ਵਿਸ਼ਾ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ - ਰਾਜਨੀਤੀ ਵਿਗਿਆਨ ਅਤੇ ਅਰਥਵਿਗਿਆਨ ਦੀ ਪਾਠ-ਪੁਸਤਕ।
2. **ਅਸੰਯੁਕਤ ਇਕੱਤਰੀਕਰਣ-2 :-** ਇਸ ਵਿਧੀ ਵਿੱਚ ਇੱਕੋ ਹੀ ਅਨੁਸੂਚੀ (schedule) ਵਿੱਚੋਂ ਦੋ ਜਾਂ ਵੱਧ ਇਕੱਲਾਂ ਵਿੱਚ ਪਰਸਪਰ ਸੰਬੰਧ ਸਥਾਪਤ ਕੀਤਾ ਜਾਂਦਾ ਹੈ। ਇਹ ਸੰਬੰਧ ਉੱਪਰੋਕਤ ਅਸੰਯੁਕਤ ਇਕੱਤਰੀਕਰਣ-1 ਵਿੱਚ ਉੱਲੇਖਿਤ ਸੰਬੰਧਾਂ ਵਿੱਚੋਂ ਕੋਈ ਇੱਕ ਹੋ ਸਕਦਾ ਹੈ। ਇਸਨੂੰ ''ਅੰਤਰ ਪਹਿਲੂ ਦਸ਼ਾ ਸੰਬੰਧ'' ਕਿਹਾ ਜਾਂਦਾ ਹੈ। ਇਸਦਾ ਸਿੱਟਾ ਜਟਿਲ ਇਕੱਲ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ - ਜੈਨ ਧਰਮ ਅਤੇ ਬੁੱਧ ਧਰਮ ਦੀ ਤੁਲਨਾ।
3. **ਅਸੰਯੁਕਤ ਇਕੱਤਰੀਕਰਣ-3 :-** ਇਸ ਵਿਧੀ ਵਿੱਚ ਇੱਕ ਹੀ ਅਨੁਸੂਚੀ ਦੇ ਪਹਿਲੇ ਦਰਜੇ ਤੋਂ ਉਚੇਰੀ ਇੱਕੋ ਹੀ ਪੰਗਤੀ ਵਿੱਚੋਂ ਦੋ ਜਾਂ ਵੱਧ ਇਕੱਲਾਂ ਦਾ ਪਰਸਪਰ ਸੰਬੰਧ ਸਥਾਪਿਤ ਕੀਤਾ ਜਾਂਦਾ ਹੈ। ਇਹ ਸੰਬੰਧ ਉੱਪਰੋਕਤ ਅਸੰਯੁਕਤ ਇਕੱਤਰੀਕਰਣ-1 ਵਿੱਚ ਉਲੇਖਿਤ ਸੰਬੰਧਾਂ ਵਿੱਚੋਂ ਕੋਈ ਇੱਕ ਹੋ ਸਕਦਾ ਹੈ। ਇਸਨੂੰ ''ਅੰਤਰ ਪਹਿਲੂ ਦਸ਼ਾ ਸੰਬੰਧ'' ਕਿਹਾ ਜਾਂਦਾ ਹੈ। ਇਸਦਾ ਸਿੱਟਾ ਜਟਿਲ ਪੰਗਤੀ ਪਹਿਲੂ ਹੁੰਦਾ ਹੈ। ਉਦਾਹਰਣ - ਡੀ ਡੀ ਸੀ ਅਤੇ ਯੂ ਡੀ ਸੀ ਦਾ ਸੰਬੰਧ।

**2.3.4.5 ਉੱਪਰ-ਠੋਸਣ (Superimposition) :-** ਰੰਗਾਨਾਥਨ ਨੇ ਉੱਪਰ-ਠੋਸਣ (ਸੁਪਰਇੰਪੋਜ਼ੀਸ਼ਨ) ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ ਕਿ ਇਹ ''ਇੱਕ ਹੀ ਇਕੱਲ ਵਿਚਾਰ ਜਗਤ ਨਾਲ ਸੰਬੰਧਤ ਦੋ ਜਾਂ ਵੱਧ ਇਕੱਲ ਵਿਚਾਰਾਂ ਨੂੰ ਆਪਸ ਵਿੱਚ ਜੋੜਨਾ ਹੈ। ਇਸਦੀ ਲੋੜ ਉਦੋਂ ਉਤਪੰਨ ਹੋਵੇਗੀ, ਜਦ ਦੋ ਜਾਂ ਵੱਧ ਨੀਮ-ਇਕੱਲ (quasi-isolate) ਵਿਚਾਰਾਂ ਦੇ ਆਧਾਰ 'ਤੇ ਕੋਈ ਅਸਿਤਿਤਵ ਇਕੱਲ ਵਿਚਾਰ ਬਣਨ ਯੋਗ ਹੁੰਦਾ ਹੈ।'' ਇਸ ਵਿਧੀ ਨਾਲ ਬਣੇ ਇਕੱਲ ਵਿਚਾਰ ਨੂੰ 'ਸੁਪਰਇੰਪੋਜ਼ਡ ਇਕੱਲ ਵਿਚਾਰ' (Superimposed Isolate Idea) ਜਾਂ 'ਸੰਯੁਕਤ ਇਕੱਲ ਵਿਚਾਰ' (Compound Isolate Idea) ਕਿਹਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ - ਪੇਂਡੂ ਗਰੀਬਾਂ ਦੀ ਸਮਾਜਕੀ।

ਰੰਗਾਨਾਥਨ ਨੇ, ਬਾਅਦ ਵਿੱਚ ਆਪਣੀ ਪੁਸਤਕ, ''ਕੋਲਨ ਕਲਾਸੀਫਿਕੇਸ਼ਨ, ਸੱਤਵਾਂ ਸੰਸਕਰਣ (1971): ਏ ਪਰੀਵਿਊ'', ਵਿੱਚ ਵਿਸ਼ਿਆਂ ਦੀ ਬਣਤਰ ਦੀਆਂ ਚਾਰ ਹੋਰ ਵਿਧੀਆਂ ਸ਼ਾਮਿਲ ਕੀਤੀਆਂ। ਫਿਰ ਬਾਅਦ ਵਿੱਚ (1975) ਗੋਪੀਨਾਥ ਅਤੇ ਸੀਤਾਰਾਮ (Gopinath and Seetharam) ਨੇ ਇੱਕ ਸਾਂਝੇ ਲੇਖ ਵਿੱਚ 'Partial Comprehension' ਨੂੰ 'Agglomeration' ਅਤੇ 'Subject Bundle' ਨੂੰ 'Cluster' ਦਾ ਨਵਾਂ ਨਾਮ ਦਿੱਤਾ। ਇਨ੍ਹਾਂ ਸਾਰੀਆਂ ਵਿਧੀਆਂ ਦਾ ਵਰਣਨ ਇਸ ਪ੍ਰਕਾਰ ਹੈ :-

**2.3.4.6 ਵਿਖੰਡਨ (Fission) :-** ਇਸ ਵਿਧੀ ਵਿੱਚ, ਇੱਕ ਇਕੱਲ ਜਾਂ ਇੱਕ ਆਧਾਰ ਵਿਸ਼ੇ - ਪ੍ਰਮੁੱਖ ਜਾਂ ਅਪ੍ਰਮੁੱਖ - ਦਾ ਵਿਖੰਡਨ ਜਾਂ ਉਪ-ਵੰਡਾਂ ਵਿੱਚ ਵੰਡਿਆ ਜਾਣਾ ਹੈ। ਇਸ ਪ੍ਰਕ੍ਰਿਆ ਨੂੰ ਕੁਝ ਸਮਾਂ ਪਹਿਲਾਂ ਤੱਕ 'ਅੰਗ-ਵਿੱਛੇਦ' (Dissection) ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਪਰ 'ਅੰਗ-ਵਿੱਛੇਦ' ਆਮ ਕਰਕੇ ਕਿਸੇ ਅਸਿਤਿਤਵ ਨੂੰ ਬਾਹਰਲੇ ਸਾਧਨ ਰਾਹੀਂ ਹਿੱਸਿਆਂ ਵਿੱਚ ਵੰਡਣਾ ਜਾਂ ਤੋੜਨਾ ਹੁੰਦਾ ਹੈ। ਦੂਜੇ ਪਾਸੇ 'ਵਿਖੰਡਨ' ਵਿੱਚ ਬਾਹਰਲੇ ਸਾਧਨ ਦੇ ਸੁਮੇਲ ਤੋਂ ਬਿਨਾ ਅੰਦਰੂਨੀ ਪ੍ਰਕ੍ਰਿਆ ਨਾਲ ਹੀ ਵੰਡ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ - ਸੀ ਸੀ-7 (CC-7) ਦੇ ਪਹਿਲੇ ਦਰਜੇ ਦੇ ਰਵਾਇਤੀ ਪ੍ਰਮੁੱਖ ਵਿਸ਼ੇ ਵਿਖੰਡਨ ਵਿਧੀ ਨਾਲ ਬਣੇ

ਮੰਨੇ ਜਾਂਦੇ ਹਨ।

**2.3.4.7 ਸ਼ੁੱਧੀਕਰਣ ਕਿਸਮ-1 (Distillation of Kind-1) :-** ਇੱਕ ਸ਼ੁੱਧੀਕਰਣ ਕੀਤਾ ਵਿਸ਼ਾ ਉਹ ਹੁੰਦਾ ਹੈ, ਜੋ ਅਨੇਕ ਵਿਸ਼ਿਆਂ ਵਿੱਚ ਇੱਕੋ ਜਿਹੇ ਜਾਂ ਸਮਰੂਪ ਜਾਂ ਸਾਂਝੇ ਅਨੁਭਵ, ਪ੍ਰਯੋਗ ਅਤੇ ਨਿਰੀਖਣ ਦੇ ਆਧਾਰ 'ਤੇ ਬਣਦਾ ਹੈ।

ਉਦਾਹਰਣ ਵਜੋਂ : ਅਨੇਕ ਵਿਸ਼ਿਆਂ ਵਿੱਚ ਖੋਜ ਕੀਤੀ ਜਾਂਦੀ ਹੈ, ਅਤੇ ਭਿੰਨ-ਭਿੰਨ ਖੇਤਰਾਂ ਵਿੱਚ ਕੀਤੇ ਪ੍ਰਯੋਗਾਂ ਅਤੇ ਅਨੁਭਵਾਂ 'ਤੇ ਆਧਾਰਤ ਸ਼ੋਧ ਵਿਧੀ-ਵਿਗਿਆਨ ਦਾ ਨਵਾਂ ਵਿਸ਼ਾ ਵਿਕਸਿਤ ਹੋਇਆ। ਇਸ ਪ੍ਰਕਾਰ ਹੀ ਪਿਛਲੇ ਕੁਝ ਦਹਾਕਿਆਂ ਵਿੱਚ ਅਨੇਕਾਂ ਨਵੇਂ ਵਿਸ਼ੇ ਵਧੇ-ਫੁੱਲੇ ਹਨ, ਜਿਨ੍ਹਾਂ ਨੂੰ ਸੀ ਸੀ ਦੇ ਸੱਤਵੇਂ ਸੰਸਕਰਣ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਵਿੱਚ ਅਜਿਹੇ ਵਿਸ਼ੇ ਜਿਵੇਂ ਪ੍ਰਬੰਧ ਵਿਗਿਆਨ (Management Science), ਸੂਚਨਾ ਵਿਗਿਆਨ (Information Science), ਸੰਮੇਨਲ ਤਕਨੀਕਾਂ (Conference Techniques), ਆਦਿ ਆਉਂਦੇ ਹਨ।

**2.3.4.8 ਸ਼ੁੱਧੀਕਰਣ ਕਿਸਮ-2 (Distillation of Kind-2) :-** ਸਮੇਂ-ਸਮੇਂ ਸਿਰ ਕੁਝ ਸਮਾਜ-ਵਿਗਿਆਨਕ ਜਾਂ ਅਕਾਦਮਿਕ ਕਾਰਣਾਂ ਸਦਕਾ ਕਿਸੇ ਵਿਸ਼ੇਸ਼ ਆਧਾਰ ਵਿਸ਼ੇ ਸਥਿਤ ਕੋਈ ਵਿਸ਼ੇਸ਼ ਵਿਚਾਰ (ਜਾਂ ਕਈ ਵਾਰ ਅਨੇਕ ਵਿਚਾਰ) ਅਧਿਐਨ ਦਾ ਸੁਕੇਂਦਰ ਬਣ ਜਾਂਦਾ ਹੈ। ਇਹ ਨਵੇਂ ਉਤਪੰਨ ਹੋਏ ਵਿਚਾਰਾਂ ਦੇ ਬਹੁਤ ਵੱਡੇ ਸਾਹਿਤਿਕ ਪ੍ਰਮਾਣ (literary warrant) ਦੀ ਅਗਵਾਈ ਕਰਦਾ ਹੈ, ਅਤੇ ਆਖ਼ਿਰ ਨੂੰ ਇੱਕ ਨਵੇਂ ਵਿਸ਼ੇ ਨੂੰ ਵਿਕਸਿਤ ਕਰਦਾ ਹੈ।

ਉਦਾਹਰਣ ਦੇ ਤੌਰ 'ਤੇ :- ਗਣਿਤ ਵਿਗਿਆਨ ਵਿੱਚੋਂ ਸਟੇਟਿਸਟੀਕਲ ਕੈਲਕੁਲਸ (Statistical Calculus) ਦਾ ਵਿਕਾਸ

– ਜੀਵ ਵਿਗਿਆਨ (Biology) ਅਤੇ ਵਨਸਪਤੀ ਵਿਗਿਆਨ (Botany) ਵਿੱਚੋਂ ਉਤਪੰਨ ਹੋਇਆ ਸੂਖਮ-ਜੀਵ ਵਿਗਿਆਨ (Microbiology)

**2.3.4.9 ਸੰਯੋਜਨ (Fusion) :-** ਅੰਤਰ-ਵਿਸ਼ਾ ਸ਼ੋਧ ਦੇ ਫਲਸਰੂਪ ਦੋ ਭਿੰਨ ਵਿਸ਼ਿਆਂ ਨਾਲ ਸਬੰਧਤ ਵਿਸ਼ਿਆਂ ਨੂੰ ਇਸ ਢੰਗ ਨਾਲ ਸੰਯੋਜਿਤ ਕੀਤਾ ਜਾਂਦਾ ਹੈ ਕਿ ਅੰਤਰ-ਵਿਸ਼ਾ ਪ੍ਰਕਿਰਤੀ ਦਾ ਇੱਕ ਨਵਾਂ ਵਿਸ਼ਾ ਵਿਕਸਿਤ ਹੋ ਜਾਂਦਾ ਹੈ। ਇਸ ਪ੍ਰਕ੍ਰਿਆ ਨੂੰ ਹੀ ਸੰਯੋਜਨ ਕਿਹਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ :

- ਜੀਵ ਵਿਗਿਆਨ + ਰਸਾਇਣ ਵਿਗਿਆਨ = ਜੀਵ-ਰਸਾਇਣ (Biochemistry)
- ਇਸ ਤਰ੍ਹਾਂ Astrophysics ਅਤੇ Psycholinguistics ਦੇ ਵਿਸ਼ੇ ਸੰਯੋਜਨ ਸਦਕਾ ਹੀ ਬਣੇ ਹਨ।

**2.3.4.10 ਸਮੂਹ (Clusters) :-** ਪਿਛਲੇ ਕੁਝ ਸਾਲਾਂ ਤੋਂ ਖੋਜ ਵਿੱਚ ਇੱਕ ਨਵਾਂ ਰੁਝਾਨ ਸਾਹਮਣੇ ਆਇਆ ਹੈ, ਜਿਸ ਵਿੱਚ ਭਿੰਨ-ਭਿੰਨ ਵਿਸ਼ਾ ਖੇਤਰਾਂ ਵਿੱਚ ਵਿਦਵਾਨਾਂ ਦੇ ਦ੍ਰਿਸ਼ਟੀਕੋਣ ਤੋਂ ਇੱਕ ਵਿਚਾਰ ਦੇ ਅਧਿਐਨ ਦਾ ਸੁਕੇਂਦਰ ਬਣਦਾ ਹੈ।

ਉਦਾਹਰਣ ਵਜੋਂ : 'ਪੱਛਮੀ ਏਸ਼ੀਆ' ਨਾਮ ਦੇ ਵਿਚਾਰ ਦਾ ਅਧਿਐਨ ਰਾਜਨੀਤੀ ਵਿਗਿਆਨੀ, ਭੂਗੋਲ ਵਿਗਿਆਨੀ, ਸਮਾਜ ਵਿਗਿਆਨੀ, ਅਰਥਸ਼ਾਸਤਰੀ, ਆਦਿ ਕਰਦੇ ਹਨ।

**2.3.4.11 ਇਕੱਤਰੀਕਰਣ ਕਿਸਮ-1 (Agglomeration of Kind-1) :-** ਆਂਸ਼ਿਕ ਗਿਆਨ (Partial Comprehensions) ਨੂੰ ਹੁਣ 'ਇਕੱਠ' (Agglomeration) ਕਿਹਾ ਜਾਂਦਾ ਹੈ ਅਤੇ ਇਨ੍ਹਾਂ ਦੀ ਬਣਤਰ (ਵਿਸ਼ੇ) ਇਕੱਤਰੀਕਰਣ ਫਲਸਰੂਪ ਹੁੰਦੀ ਹੈ। ਇੱਕ ਹੀ ਪ੍ਰਲੇਖ ਵਿੱਚ ਵਿਸ਼ਿਆਂ ਦੀ ਸਮੁੱਚੇ ਰੂਪ ਵਿੱਚ ਜਾਂ ਵਿਸ਼ੇਸ਼ਤਾ ਨਾਲ ਕੀਤੀ ਵਿਆਖਿਆ ਹੀ ਪਹਿਲੀ ਕਿਸਮ ਦਾ ਇਕੱਤਰੀਕਰਣ ਹੁੰਦਾ ਹੈ।

ਉਦਾਹਰਣ ਵਜੋਂ : ਪ੍ਰਾਕ੍ਰਿਤਿਕ ਵਿਗਿਆਨ, ਮਾਨਵ ਵਿਗਿਆਨ।

**2.3.4.12 ਇਕੱਤਰੀਕਰਣ ਕਿਸਮ-2 (Agglomeration of Kind-2) :-** ਕਿਸੇ ਵਿਸ਼ੇਸ਼ ਵਰਗੀਕਰਣ ਪੱਧਤੀ ਦੇ ਪ੍ਰਸੰਗ ਵਿੱਚ ਇਸ ਵਿਧੀ ਵਿਚਲੇ ਵਿਸ਼ੇ ਦੂਜੇ ਵਿਸ਼ਿਆਂ ਨੂੰ ਆਪਣੇ ਵਿੱਚ ਸੰਮਿਲਿਤ ਕਰ ਲੈਂਦੇ ਹਨ।

ਉਦਾਹਰਣ ਵਜੋਂ : ਯੂ ਡੀ ਸੀ ਵਿੱਚ ਮਨੋਵਿਗਿਆਨ ਅਤੇ ਸਮਾਜ-ਵਿਗਿਆਨ।

ਵਿਸ਼ਿਆਂ ਦੀ ਬਣਤਰ ਦੀਆਂ ਉੱਪਰੋਕਤ ਕਥਿਤ ਵਿਧੀਆਂ ਨਾ ਕੇਵਲ ਵਰਗੀਕਰਣ ਪੱਧਤੀਆਂ ਦੀ ਵਿਉਂਤ ਕਰਨ ਲਈ ਉਪਯੋਗੀ ਹਨ, ਸਗੋਂ ਹੋਰ ਉਦੇਸ਼ਾਂ ਜਿਵੇਂ ਸੰਗ੍ਰਹਿ ਵਿਕਾਸ, ਸੂਚਨਾ ਭੰਡਾਰਣ ਅਤੇ ਮੁੜ-ਪ੍ਰਾਪਤੀ, ਆਦਿ ਲਈ ਗਿਆਨ ਅਤੇ ਸੂਚਨਾ ਦੀ ਬੌਧਿਕ ਵਿਵਸਥਾ ਲਈ ਵੀ ਲਾਭਕਾਰੀ ਹਨ।

**2.3.5 ਸੰਰਚਨਾ (Structure) :**

ਵਿਸ਼ਿਆਂ ਦੀ ਸੰਰਚਨਾ ਉਨ੍ਹਾਂ ਦੀ ਬਣਤਰ ਦੀਆਂ ਵਿਧੀਆਂ ਨਾਲ ਪ੍ਰਭਾਵਿਤ ਹੁੰਦੀ ਹੈ। ਸੰਰਚਨਾ ਦੀਆਂ ਵੱਖ-ਵੱਖ ਕਿਸਮਾਂ ਦਾ ਵਰਣਨ ਹੇਠ ਦਿੱਤਾ ਗਿਆ ਹੈ :-

**2.3.5.1 ਦੁਫਾੜ (Dichotomy) :-** ਦੁਫਾੜ ਦਾ ਅਰਥ ਹੈ ਦੋ ਭਾਗਾਂ ਵਿੱਚ ਵੰਡਣਾ। ਇਸਨੂੰ 'ਦੋ ਅੰਗੀ ਵਰਗੀਕਰਣ' (Binary Classification) ਵੀ ਕਿਹਾ ਜਾਂਦਾ ਹੈ।

**2.3.5.1.1 ਪੋਰਫੇਰੀ ਦਾ ਰੁੱਖ (Tree of Porphary) :-** ਇਹ ਦੁਫਾੜ ਦਾ ਰੇਖਾ-ਚਿੱਤਰ ਰੂਪ ਵਿੱਚ ਚਿੱਤ੍ਰਣ ਹੈ। ਇਸ ਵਿੱਚ ਪਹਿਲੇ ਪੜਾ 'ਤੇ ਦੋ ਵੰਡਾਂ ਕੀਤੀਆਂ ਜਾਂਦੀਆਂ ਹਨ। ਦੂਜੇ ਪੜਾਅ ਵਿੱਚ ਹਰੇਕ ਵੰਡ ਦੀਆਂ ਦੋ-ਦੋ ਉਪ-ਵੰਡਾਂ ਕੀਤੀਆਂ ਜਾਂਦੀਆਂ ਹਨ। ਇਸ ਪ੍ਰਕਾਰ ਵੰਡ ਪ੍ਰਕ੍ਰਿਆ ਜਾਰੀ ਰੱਖੀ ਜਾ ਸਕਦੀ ਹੈ।

**2.3.5.2 ਦਸ ਫਾੜ (Decachotomy) :-** ਇਸਦਾ ਅਰਥ ਹੈ ਦਸ ਭਾਗਾਂ ਵਿੱਚ ਵੰਡ ਕਰਨਾ। ਮੈਲਵਿਲ ਡਿਊਈ ਨੇ ਆਪਣੀ ਦਸ਼ਮਲਵ ਵਰਗੀਕਰਣ ਪੱਧਤੀ ਵਿੱਚ 'ਦੁਫਾੜ' ਨੂੰ 'ਦਸ ਫਾੜ' ਵਿੱਚ ਬਦਲਿਆ ਹੈ। ਉਸਨੇ ਗਿਆਨ ਜਗਤ ਦੀ ਵੰਡ ਦਸ ਭਾਗਾਂ ਵਿੱਚ ਕੀਤੀ, ਜਿਨ੍ਹਾਂ ਨੂੰ ਮੁੱਖ ਵਰਗ ਕਿਹਾ ਜਾਂਦਾ ਹੈ, ਜਿਨ੍ਹਾਂ ਵਿੱਚੋਂ ਹਰੇਕ ਦੇ ਅੱਗੇ ਦਸ ਉਪ-ਵਰਗ (Divisions) ਹਨ, ਜਿਨ੍ਹਾਂ ਦੀ ਅੱਗੇ ਉਪ-ਵੰਡ (Subdivision) ਕੀਤੀ ਗਈ ਹੈ। ਇਹ ਪ੍ਰਕ੍ਰਿਆ ਉਦੋਂ ਤੱਕ ਚਲਦੀ ਰਹਿੰਦੀ ਹੈ, ਜਦ ਤੱਕ ਇਸ ਵਿਚਲੇ ਹਰ ਵਿਸ਼ੇ ਦੇ ਉਨੇ ਉਪ-ਖੰਡ (Sub-sections) ਨਹੀਂ ਬਣ ਜਾਂਦੇ, ਜਿੰਨੇ ਲੋੜੀਂਦੇ ਹਨ।

**2.3.5.2.1 ਦਸਫਾੜ ਦੀ ਆਪਮਤੀ (Arbitrariness of Decachotomy) :-** ਰੰਗਾਨਾਥਨ ਅਨੁਸਾਰ ਇਹ ਸੰਰਚਨਾ ਵੀ ਉਨੀ ਹੀ ਆਪਮਤੀ ਵਾਲੀ ਹੈ, ਜਿੰਨੀ 'ਦੁਫਾੜ' ਦੀ ਪ੍ਰਕ੍ਰਿਆ। ਉਸਦਾ ਵਿਸ਼ਵਾਸ ਹੈ ਕਿ ਵਿਸ਼ਾ ਜਗਤ ਆਪਣੀ ਸਮਰੱਥਾ ਦੀਆਂ ਹੱਦਾਂ ਪਾਰ ਕਰ ਜਾਂਦਾ ਹੈ।

**2.3.5.3 ਬਹੁਫਾੜ (Polychotomy) :-** ਇਸਦਾ ਅਰਥ ਹੈ ਅਨੇਕ ਭਾਗਾਂ ਵਿੱਚ ਵੰਡ ਕਰਨਾ। ਜਿਵੇਂ ਕਿ ਸਿੱਧ ਹੋ ਚੁੱਕਾ ਹੈ, ਵਿਸ਼ਾ ਜਗਤ ਦੀ ਦਸ ਭਾਗਾਂ ਵਿੱਚ ਵੰਡ ਹਰ ਪੜਾਅ ਉੱਪਰ ਅਸਹਾਇਕ ਰਹੀ ਹੈ। ਇਸਦਾ ਅਰਥ ਨਿਕਲਦਾ ਹੈ ਕਿ ਕਿਸੇ ਵੀ ਪੜਾਅ ਉੱਪਰ ਉਪ-ਵਰਗਾਂ ਦੀ ਸੰਖਿਆ ਪੂਰਵ-ਨਿਸ਼ਚਿਤ ਨਹੀਂ ਹੋਣੀ ਚਾਹੀਦੀ। ਦੂਜੇ ਪਾਸੇ, ਵਿਸ਼ਾ ਜਗਤ ਦੇ ਕਿਸੇ ਵੀ ਪੜਾਅ 'ਤੇ ਉਪ-ਵਰਗਾਂ ਦੀ ਜਿੰਨੀ ਵੀ ਸੰਖਿਆ ਦਰਸਾਈ ਗਈ ਹੋਵੇ, ਉਹ ਮਾਨਤਾ-ਪ੍ਰਾਪਤ ਹੋਣ ਅਤੇ ਲਾਇਬ੍ਰੇਰੀ ਵਰਗੀਕਰਣ ਪੱਧਤੀਆਂ ਵਿੱਚ ਸ਼ਾਮਿਲ ਕਰਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ 'ਬਹੁਫਾੜ' ਅਸੀਮਿਤ ਕੀਤਾ ਜਾ ਸਕਦਾ ਹੈ।

**2.3.5.4 ਪ੍ਰਫੁਲਨ (Proliferation) :-** ਵਿਸ਼ਾ ਜਗਤ ਦੇ ਪ੍ਰਫੁਲਿਤ ਹੋਣ ਦੇ ਅਨੇਕ ਢੰਗ ਹਨ। ਗਿਆਨ, ਕਿਉਂਕਿ ਗਤੀਸ਼ੀਲ ਅਤੇ ਅਟੁੱਟ ਹੈ, ਇਸ ਲਈ ਵਿਸ਼ਿਆਂ ਦੀ ਪ੍ਰਫੁੱਲਨ ਬਹੁਤ ਜ਼ਿਆਦਾ ਅਤੇ ਅਸੀਮਿਤ ਹੈ, ਜੋ ਕਿ ਹਰ ਸਮੇਂ ਹੁੰਦੀ ਰਹਿੰਦੀ ਹੈ। ਨਾਲੇ, ਵਿਸ਼ਵ ਭਰ ਵਿੱਚ ਵੱਖ-ਵੱਖ ਵਿਸ਼ਿਆਂ ਵਿੱਚ ਹੋ ਰਹੀ ਖੋਜ ਅਤੇ ਵਿਕਾਸ ਵਿਚਕਾਰਲੇ ਸਾਧਨਾਂ ਦੀ ਤੇਜ਼ ਦਰ ਨੇ ਵਿਸ਼ਿਆਂ ਦੇ ਵਿਕਾਸ ਅਤੇ ਉਨ੍ਹਾਂ ਦੀ ਸੰਰਚਨਾ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ।

**2.3.6 ਵਿਸ਼ਾ ਸੰਰਚਨਾ ਯੋਜਨਾ ਬਣਾਉਣੀ (Mapping the Structure of Subjects) :**

ਇਸ ਹਿੱਸੇ ਵਿੱਚ ਅਸੀਂ ਵਿਸ਼ਿਆਂ ਦੀ ਯੋਜਨਾਬੰਦੀ ਬਾਰੇ ਚਰਚਾ ਕਰਾਂਗੇ।

**2.3.6.1 ਇੱਕ ਪਾਸਾਰੀ ਵਿਖਾਲਾ (Linear Display) :-** ਆਧੁਨਿਕ ਵਰਗੀਕਰਣ ਪ੍ਰਣਾਲੀਆਂ ਵਿਸ਼ਿਆਂ ਵਿੱਚ ਸੰਕਲਪ ਸੰਬੰਧਾਂ ਨੂੰ ਇੱਕ ਪਾਸਾਰੀ ਢੰਗਾਂ ਨਾਲ ਦਰਸਾਉਂਦੀਆਂ ਹਨ। ਇਹ ਆਮ ਕਰਕੇ ਵੱਖ-ਵੱਖ ਤਰ੍ਹਾਂ ਦੀਆਂ indentions ਅਤੇ ਵਿਖਾਲਾ ਢੰਗਾਂ ਨਾਲ ਸੂਚਿਤ ਕੀਤੇ ਜਾਂਦੇ ਹਨ। ਇਸ ਤਰ੍ਹਾਂ ਵਿਖਾਲੇ ਗਏ ਸੰਕਲਪ ਬੇਸ਼ਕ ਬਹੁ-ਵਿਸਤਾਰੀ ਸੰਬੰਧਾਂ ਵਾਲੇ ਹਨ, ਫਿਰ ਵੀ ਇੱਕ ਪਾਸਾਰੀ ਢੰਗ ਨਾਲ ਪ੍ਰਤੀਬੰਧ ਲਗਾਏ ਜਾਂਦੇ ਹਨ।

**2.3.6.2 ਗ੍ਰਾਫ਼ਿਕ ਵਿਖਾਲਾ :–** ਵਿਖਾਲੇ ਦੀ ਇਸ ਸਮੱਸਿਆ ਨੂੰ ਆਮ ਕਰਕੇ ਗ੍ਰਾਫ਼ਿਕ ਵਿਖਾਲੇ ਦੀ ਮਦਦ ਨਾਲ ਹੱਲ ਕਰ ਲਿਆ ਜਾਂਦਾ ਹੈ। ਇਹ ਵਿਧੀ ਦਰਜੇਵਾਰ ਤਰਤੀਬ ਅਤੇ ਸਹਿਯੋਗੀ ਸੰਬੰਧਾਂ ਦੀ ਯੋਜਨਾਬੰਦੀ ਵਿੱਚ ਮਦਦ ਕਰਦੀ ਹੈ। ਇਹ ਵਿਧੀ ਬਹੁ-ਵਿਸਤਾਰੀ ਸੰਕਲਪਾਂ ਦੀ ਪ੍ਰਸਤੁਤੀ ਵੀ ਕਰਦੀ ਹੈ, ਜਿਸ ਨਾਲ ਅਨੁਕ੍ਰਮਣਿਕਾਰ (indexer) ਦਾ ਕਾਰਜ ਅਤੇ ਭਾਲ ਦਾ ਕੰਮ ਆਸਾਨ ਹੋ ਜਾਂਦਾ ਹੈ।

**2.3.7 ਵਿਸ਼ਾ ਜਗਤ ਦਾ ਵਿਕਾਸ (Development of Universe of Subjects) :**

**2.3.7.1 ਪੁਰਾਤਨ ਕਾਲ :–** ਜਦੋਂ ਤੋਂ ਮਨੁੱਖ ਨੂੰ ਆਪਣੇ ਚੁਗਿਰਦੇ ਸਬੰਧੀ ਗਿਆਨ ਰੂਪੀ ਸੋਝੀ ਆਈ ਹੈ, ਉਦੋਂ ਤੋਂ ਹੀ ਗਿਆਨ ਦਾ ਵਿਕਾਸ ਹੁੰਦਾ ਆ ਰਿਹਾ ਹੈ। ਇਸ ਦੌਰਾਨ, ਮਨੁੱਖ ਨੇ ਵਿਚਾਰਨ ਅਤੇ ਸੰਕਲਪ ਪ੍ਰਗਟ ਕਰਨ ਲਈ ਵਰਣਮਾਲਾ, ਅੰਕ, ਆਦਿ ਵਿਕਸਿਤ ਕੀਤੇ। ਸਮੇਂ ਦੇ ਨਾਲ-ਨਾਲ ਘਟਨਾਵਾਂ, ਗਤੀਵਿਧੀਆਂ ਨੂੰ ਲਿਖਿਤ ਰੂਪ ਦੇਣ ਲਈ ਅਤੇ ਸੰਚਾਰ ਦੀਆਂ ਵਧੇਰੇ ਵਿਵਹਾਰਕੁਸ਼ਲ ਵਿਧੀਆਂ ਵਿਕਸਿਤ ਕੀਤੀਆਂ। ਇਹ ਕੋਸ਼ਿਸ਼ਾਂ ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਵਿੱਚ ਗਿਆਨ ਵਿਕਾਸ ਦੇ ਉੱਚੇ ਪੱਧਰ ਉੱਪਰ ਪਹੁੰਚ ਗਈਆਂ। ਫਿਰ ਪੁਨਰ-ਜਾਗ੍ਰਤੀ ਅਤੇ ਨਵ-ਨਿਰਮਾਣ ਕਾਲ ਦਾ ਗਿਆਨ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ। ਉਸ ਉੱਪਰੰਤ, ਬਹੁਤ ਸਾਰੇ ਵਿਦਵਾਨ ਅਤੇ ਵਿਗਿਆਨੀਆਂ, ਜਿਵੇਂ ਨਿਊਟਨ, ਡਾਰਵਿਨ, ਲੌਕ (Locke), ਮਾਰਕਸ, ਆਇੰਸਟਾਇਨ (Einstein) ਨੇ ਵਿਸ਼ਾ ਜਗਤ ਦੀ ਉੱਨਤੀ ਅਤੇ ਵਿਕਾਸ ਵਿੱਚ ਮੌਲਿਕ ਯੋਗਦਾਨ ਪਾਇਆ।

**2.3.7.2 ਭੂਤਕਾਲੀ ਅਨਿਯਮਿਤ ਵਿਕਾਸ (Casual Development of Past) :-** ਸਮਾਜਕ ਦਬਾਉ ਅਤੇ ਆਬਾਦੀ ਦੇ ਹਲਕੇ ਦਬਾਉ ਕਾਰਣ ਵਿਸ਼ਿਆਂ ਦੇ ਸੰਗਠਿਤ ਵਿਕਾਸ ਲਈ ਕੋਈ ਉਤਸ਼ਾਹ ਜਾਂ ਪ੍ਰੇਰਣਾ ਨਹੀਂ ਸੀ। ਬਹੁਤਾ ਕਰਕੇ ਸਿਰਜਣ ਦੀ ਅੰਦਰੂਨੀ ਲਗਨ ਸਦਕਾ ਹੀ ਵਿਸ਼ਿਆਂ ਦਾ ਵਿਕਾਸ ਹੋ ਰਿਹਾ ਸੀ, ਪਰ ਇਹ ਅਨਿਯਮਿਤ ਕਾਰਜ ਸੀ।

**2.3.7.3 ਸਮਾਨਾਂਤਰ ਖੋਜ (Research in Parallel) :-** ਪ੍ਰਤਿਭਾਸ਼ਾਲੀ ਵਿਅਕਤੀ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਖਿੱਲਰੇ ਹੋਏ ਸਨ, ਅਤੇ ਉਨ੍ਹਾਂ ਵਿੱਚ ਵਿਰਲਾ ਹੀ ਸਹਿਯੋਗ ਹੁੰਦਾ ਸੀ। ਉਨ੍ਹਾਂ ਵਿੱਚ ਗੁਪਤ ਰੱਖਣ ਦਾ ਰੁਝਾਨ ਬਹੁਤ ਸੀ, ਅਤੇ ਖੋਜ ਕਾਰਜ ਨੂੰ ਆਪਸ ਵਿੱਚ ਸਾਂਝਾ ਨਹੀਂ ਕਰਦੇ ਸਨ। ਫਲਸਰੂਪ, ਖੋਜ ਵਿੱਚ ਦੁਹਰਾਉ ਅਤੇ ਸਮਾਨਾਂਤਰ ਖੋਜ ਹੋਣ ਕਰਕੇ ਖੋਜ ਸੰਭਾਵਨਾ ਵਿਅਰਥ ਜਾਂਦੀ ਸੀ। ਸਮਾਜ ਦਾ ਦਬਾਉ ਇੰਨਾ ਥੋੜ੍ਹਾ ਸੀ ਕਿ ਸਮਾਨਾਂਤਰ ਹੋ ਰਹੇ ਕੰਮਕਾਜ ਨੂੰ ਸੁਆਰ ਨਹੀਂ ਸੀ ਸਕਦਾ। ਨਤੀਜੇ ਦੇ ਰੂਪ ਵਿੱਚ ਵਿਸ਼ਾ ਜਗਤ ਦਾ ਵਿਕਾਸ ਬਹੁਤ ਧੀਮਾ ਸੀ।

**2.3.7.4 ਪਛੜੇਵਾਂ (Time Lag) :-** ਘੱਟ ਸਮਾਜਕ ਦਬਾਉ, ਮੂਲ ਵਿਸ਼ਿਆਂ ਵਿੱਚ ਹੋ ਰਹੇ ਵਿਕਾਸ ਦਾ ਸਮਾਜਕ ਉਪਯੋਗ ਲਈ ਸਾਧਨਾਂ ਦੀ ਲਾਭਕਾਰੀ ਵਰਤੋਂ ਲਈ ਉਤਸ਼ਾਹ ਪੈਦਾ ਨਹੀਂ ਸੀ ਕਰ ਸਕਿਆ। ਉਦਾਹਰਣ ਦੇ ਤੌਰ 'ਤੇ, ਊਰਜਾ ਦੇ ਬਿਜਲਾਣਵੀ ਰੂਪ ਦੀ ਖੋਜ ਅਤੇ ਇਸਦੀ ਲਾਭ ਸਾਧਨ ਰੂਪ ਵਿੱਚ ਵਿਆਪਕ ਵਰਤੋਂ ਵਿੱਚ ਲਗਭਗ ਇੱਕ ਸਦੀ ਦਾ ਪਛੜੇਵਾਂ ਸੀ। ਇਸ ਤਰ੍ਹਾਂ, ਵਿਹਾਰਕ ਵਿਸ਼ਿਆਂ ਦਾ ਵਿਕਾਸ ਵੀ ਧੀਮਾ ਅਤੇ ਅਨਿਯਮਿਤ ਸੀ।

**2.3.7.5 ਵਰਤਮਾਨ ਵਿੱਚ ਸੰਗਠਿਤ ਵਿਕਾਸ (Organised Development of the Present):-** ਵਰਤਮਾਨ ਸਮੇਂ ਵਿੱਚ ਆਬਾਦੀ ਦੇ ਦਬਾਉ ਅਤੇ ਸਮਾਜਕ ਦਬਾਉ ਵਿੱਚ ਵਾਧਾ ਹੋਇਆ ਹੈ; ਆਵਸ਼ਕ ਲੋੜਾਂ ਦਾ ਪੱਧਰ ਵੀ ਬਹੁਤ ਉੱਚਾ ਹੋ ਗਿਆ ਹੈ। ਇਨ੍ਹਾਂ ਕਰਕੇ ਤਕਨਾਲੋਜੀ ਵਿੱਚ ਸੁਧਾਰ ਹੋਇਆ ਹੈ, ਜਿਸ ਕਰਕੇ ਮੂਲ ਅਤੇ ਵਿਹਾਰਕ ਵਿਸ਼ਿਆਂ ਵਿੱਚ ਸੰਗਠਿਤ, ਸਰਕਾਰੀ ਵਿਉਂਤਬੱਧ ਖੋਜ ਅਤੇ ਵਿਕਾਸ ਆਰੰਭ ਹੋ ਗਿਆ।

**2.3.7.5.1 ਟੀਮ ਖੋਜ (Team Research) :-** ਬਦਲਦੇ ਹਾਲਾਤ ਵਿੱਚ ਵਿਅਕਤੀਗਤ ਪ੍ਰਤਿਭਾਸ਼ਾਲੀ ਦੀ ਅੰਦਰੂਨੀ ਸਿਰਜਕ ਸ਼ਕਤੀ ਦਾ ਸਥਾਨ ਵੱਖ-ਵੱਖ ਬੌਧਿਕ ਤਬਕੇ ਦੀ ਬਣੀ ਟੀਮ ਖੋਜ ਨੇ ਲੈ ਲਿਆ। ਬੌਧਿਕ ਦਰਜਾਬੰਦੀ ਦੇ ਹਰੇਕ ਕਾਮੇ ਤੋਂ ਉੱਤਮ ਕੰਮ ਲੈਣ ਦੀ ਲੋੜ ਸਬੰਧੀ ਵਰਤਮਾਨ ਸੁਚੇਤਨਤਾ ਹੀ ਅੱਜ ਦੀ ਸਥਾਪਤ ਕਸਵੱਟੀ ਹੈ। ਇਸ ਨਾਲ ਇੱਕ ਬਹੁਤ ਵੱਡੇ ਪੈਮਾਨੇ ਉੱਪਰ ਖੋਜ ਉੱਪਰਾਲਿਆਂ ਦਾ ਸਿਲਸਿਲਾ ਚਲਦਾ ਹੈ, ਜੋ ਨਵੀਆਂ ਪੁਸਤਕਾਂ, ਰਸਾਲਿਆਂ, ਖੋਜ-ਰੀਪੋਰਟਾਂ, ਥੀਸਿਸ, ਮੋਨੋਗ੍ਰਾਫ਼, ਆਦਿ ਨੂੰ ਜਨਮ ਦਿੰਦਾ ਹੈ।

**2.3.7.6 ਕ੍ਰਮਵਾਰ ਖੋਜ (Relay Research) :-** ਇਸ ਤੋਂ ਅੱਗੇ, ਵੱਖ-ਵੱਖ ਪੱਧਰਾਂ 'ਤੇ ਰੀਲੇ ਖੋਜ ਵਿਵਸਥਿਤ

ਕੀਤੀ ਜਾ ਰਹੀ ਹੈ, ਜਿਸ ਨਾਲ ਸਾਰੇ ਵਿਸ਼ਿਆਂ, ਰੱਖਿਆ ਵਿਗਿਆਨ ਤੋਂ ਇਲਾਵਾ, ਸਬੰਧੀ ਖੋਜ ਗ੍ਰਿਡ (grid) ਸਥਾਪਤ ਕਰਕੇ ਉਨ੍ਹਾਂ ਨੂੰ ਵਿਸ਼ਵ ਭਰ ਵਿੱਚ ਫੈਲਾਇਆ ਜਾ ਸਕਦਾ ਹੈ। ਨਵੇਂ ਵਿਚਾਰਾਂ ਦਾ ਫੁਰਤੀਲਾ ਸੰਚਾਰ ਅਤੇ ਤਕਨਾਲੋਜੀ ਦੇ ਅਣਗਿਣਤ ਸਾਧਨਾਂ ਅਤੇ ਅਨੁਕ੍ਰਮਣਿਕਰਣ ਸੇਵਾਵਾਂ ਨੇ ਕਿਸੇ ਵੀ ਛਾਣ-ਬੀਣ ਦੀ ਦੁਹਰਾਉ ਦੀ ਲੋੜ ਖਾਰਜ ਕਰ ਦਿੱਤੀ ਹੈ। ਵਧੇਰੇ ਮੌਲਿਕ ਨਤੀਜੇ ਤਾਂ ਕੰਪਿਊਟਰ ਨੈਟਵਰਕ ਰਾਹੀਂ ਵਿਸ਼ਵ ਭਰ ਵਿੱਚ ਪ੍ਰਸਾਰਿਤ ਕਰ ਦਿੱਤੇ ਜਾਂਦੇ ਹਨ।

**2.3.7.7 ਸੂਚਨਾ ਦਾ ਤਬਾਦਲਾ (Exchange of Information) :–** ਵਰਤਮਾਨ ਸਮੇਂ ਵਿੱਚ ਬਹੁਤੀ ਖੋਜ ਸਰਕਾਰੀ ਧਨ ਨਾਲ ਕੀਤੀ ਜਾਂਦੀ ਹੈ, ਪਰ ਖੋਜ ਸਬੰਧੀ ਸੂਚਨਾ ਦੀ ਅਦਲਾ-ਬਦਲੀ ਚੋਣਵੀਂ ਅਤੇ ਨਿੱਜੀ ਮੇਲ-ਜੋਲ ਤੱਕ ਸੀਮਿਤ ਹੁੰਦੀ ਹੈ। ਉੱਤਰ-ਉਦਯੋਗਿਕ ਸਮਾਜ ਵਿੱਚ ਵਿਗਿਆਨਕ ਅਤੇ ਤਕਨਾਲੋਜੀਕਲ ਸੂਚਨਾ ਦੀ ਮਹੱਤਤਾ ਨੂੰ ਦੇਖਦੇ ਹੋਏ ਇਹ ਬਹੁਤ ਜ਼ਰੂਰੀ ਹੈ ਕਿ ਸੂਚਨਾ ਦਾ ਸੰਚਾਰ ਤੇਜ਼ ਗਤੀ ਨਾਲ ਕੀਤਾ ਜਾਵੇ। ਇਸ ਸਬੰਧ ਵਿੱਚ ਕੁਝ ਅਜਿਹੇ ਉੱਪਰਾਲੇ ਜਿਵੇਂ ਅੰਤਰ-ਸੰਸਥਾਗਤ ਸਮਝੌਤੇ, ਅੰਤਰ-ਸਰਕਾਰੀ ਸਮਝੌਤੇ, ਸਾਂਝੇ ਖੋਜ ਪ੍ਰਾਜੈਕਟ, ਅੰਤਰਰਾਸ਼ਟਰੀ ਸੰਗਠਨਾਂ ਤੋਂ ਸਮਰਥਨ, ਆਦਿ ਕੀਤੇ ਜਾ ਰਹੇ ਹਨ, ਜੋ ਸੂਚਨਾ ਤਬਾਦਲੇ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਰਹੇ ਹਨ।

**2.3.7.8 ਪਛੜੇਵਾਂ ਘਟਾਉਣਾ (Time-Lag Reduced) :-** ਆਧੁਨਿਕ ਸਮਾਜ ਵਿੱਚ, ਨਵੀਂ ਖੋਜ ਅਤੇ ਸਮਾਜ ਦੁਆਰਾ ਵਰਤੋਂ ਲਈ ਇਸਦੇ ਪ੍ਰਯੋਗ ਵਿਚਲਾ ਪਛੜੇਵਾਂ ਬਹੁਤ ਸਾਰਾ ਘਟਾ ਦਿੱਤਾ ਗਿਆ ਹੈ। ਉਦਾਹਰਣ ਦੇ ਤੌਰ 'ਤੇ, ਜੇਕਰ ਫੋਟੋਗ੍ਰਾਫ਼ੀ ਨੂੰ ਆਵਿਸ਼ਕਾਰ ਤੋਂ ਪ੍ਰਯੋਗ ਤੱਕ 112 ਸਾਲ ਲੱਗੇ, ਟੈਲੀਫ਼ੋਨ ਨੂੰ 53 ਸਾਲ ਲੱਗ ਪਰਮਾਣੂ ਸ਼ਕਤੀ ਨੂੰ ਕੇਵਲ 13 ਸਾਲ, ਜਦਕਿ ਟ੍ਰਾਂਜਿਸਟਰ ਨੇ 8 ਸਾਲ ਲਏ, ਪਰ ਲੇਜ਼ਰ (Laser) ਨੇ ਸਿਰਫ਼ ਦੋ ਵਰ੍ਹੇ ਹੀ ਲਏ। ਇਸ ਲਈ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ 'ਤੇ ਕੁਝ ਸੰਸਥਾਵਾਂ ਦਾ ਹੋਣਾ ਜ਼ਰੂਰੀ ਹੈ, ਜੋ ਮੁੱਢਲੀ ਖੋਜ ਤੋਂ ਸੇਵਾ ਜਾਂ ਪਦਾਰਥ ਨੂੰ ਉਤਪਾਦਨ ਪੜਾਅ ਤੱਕ ਲੈ ਜਾਣ। ਰਿਲੇ ਖੋਜ ਦੇ ਇਸ ਪ੍ਰਕਾਰ ਦੇ ਸੰਗਠਨ ਦੇ ਨਤੀਜੇ ਵਜੋਂ ਨਵੇਂ ਵਿਸ਼ਿਆਂ ਦੀ ਬਣਤਰ ਵਿੱਚ ਮਹੱਤਵਪੂਰਣ ਵਾਧਾ ਹੋਵੇਗਾ।

**2.3.7.9 ਨਵੇਂ ਵਿਸ਼ਿਆਂ ਦਾ ਵਲਦਾਰ ਵਿਕਾਸ (Spiral Development of New Subjects):-** ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਪਰ ਵਿਵਸਥਿਤ ਰਿਲੇ ਖੋਜ ਸਦਕਾ ਨਵੇਂ ਵਿਸ਼ਿਆਂ ਦਾ ਚੱਕਰਦਾਰ ਵਿਕਾਸ ਲਹਿਰ ਦਾ ਆਰੰਭ ਹੋ ਗਿਆ। ਇਸ ਵਲਦਾਰ ਲਹਿਰ ਦੇ ਕੁਝ ਪੜਾਅ ਇਸ ਪ੍ਰਕਾਰ ਹਨ :–

(i) ਮੁੱਢਲੀ ਖੋਜ
(ii) ਅਮਲੀ ਖੋਜ
(iii) ਪਾਇਲਟ ਪ੍ਰਾਜੈਕਟ
(iv) ਨਵੀਂ ਮਸ਼ੀਨਰੀ ਦੀ ਵਿਉਂਤ ਅਤੇ ਉਤਪਾਦਨ
(v) ਨਵੀਂ ਸਾਮੱਗਰੀ
(vi) ਨਵਾਂ ਉਤਪਾਦ
(vii) ਨਵੇਂ ਉਤਪਾਦ ਦਾ ਉਪਯੋਗ
(viii) ਨਵੇਂ ਉਤਪਾਦ ਦੀਆਂ ਪੈਦਾ ਕੀਤੀਆਂ ਸਮੱਸਿਆਵਾਂ
(ix) ਫਿਰ ਮੁੱਢਲੀ ਖੋਜ।

**2.3.7.10 ਗਤੀਸ਼ੀਲ ਸਿਲਸਿਲਾ (Dynamic Continuum) :-** ਉੱਪਰੋਕਤ ਤੋਂ ਸਪੱਸ਼ਟ ਹੈ ਕਿ ਕਿਸੇ ਵੀ ਵਿਸ਼ੇ ਦਾ ਵਿਕਾਸ ਹਰ ਦੂਜੇ ਵਿਸ਼ੇ ਦੇ ਵਿਕਾਸ ਸਦਕਾ ਹੀ ਹੈ। ਇਸ ਤਰ੍ਹਾਂ ਵਿਸ਼ਾ ਜਗਤ ਕਦੇ ਸਮਾਪਤ ਨਹੀਂ ਹੁੰਦਾ; ਇਹ ਤਾਂ ਗਤੀਸ਼ੀਲ ਸਿਲਸਿਲਾ ਹੈ। ਅੱਜਕੱਲ੍ਹ, ਵਿਵਸਥਿਤ ਰਿਲੇ ਖੋਜ ਨਵੇਂ ਸੂਖ਼ਮ ਵਿਸ਼ਿਆਂ ਦਾ ਲਗਾਤਾਰ ਝਰਨੇ ਵਰਗਾ ਉਤਪਾਦਨ ਕਰ ਰਹੀ ਹੈ, ਜਿਹੜੇ ਵਿਸ਼ਿਆਂ ਦੇ ਹਰੇਕ ਖੇਤਰ ਵਿੱਚ ਨਿਰੰਤਰ ਪ੍ਰਤੱਖ ਹੋ ਰਹੇ ਸਨ। ਇਹ ਝਰਨਾ ਵਿਸ਼ਾ ਜਗਤ ਨੂੰ ਵਧਣਸ਼ੀਲ ਸਿਲਸਿਲਾ ਬਣਾਈ ਰੱਖਦਾ ਹੈ।

### 2.3.8 ਸਾਰ (Conclusion) :

ਇਹ ਪਾਠ ਗਿਆਨ ਦੀ ਵਧਣਸ਼ੀਲ ਪ੍ਰਕਿਰਤੀ, ਅਤੇ ਇਸ ਦੀਆਂ ਕਿਸਮਾਂ ਉਜਾਗਰ ਕਰਦਾ ਹੈ। ਵਿਸ਼ਿਆਂ ਦੀ ਬਣਤਰ ਦੀਆਂ ਵੱਖ-ਵੱਖ ਵਿਧੀਆਂ ਅਤੇ ਗਿਆਨ ਦੇ ਬੌਧਿਕ ਸੰਗਠਨ ਦੀ ਵਿਆਖਿਆ ਕਰਦਾ ਹੈ। ਵਿਸ਼ਿਆਂ ਦੀ ਸੰਰਚਨਾ ਨੂੰ ਦੁਫਾੜ, ਦਸਫਾੜ, ਆਦਿ ਰਾਹੀਂ ਵਰਨਣ ਕਰਦਾ ਹੈ। ਵਿਸ਼ਾ ਸੰਰਚਨਾ ਵਿਉਂਤ ਨੂੰ ਇੱਕ ਪਾਸਾਰੀ ਅਤੇ ਗ੍ਰਾਫ਼ਿਕ ਵਿਖਾਲੇ ਦੀ ਮਦਦ ਨਾਲ ਦਰਸਾਉਂਦਾ ਹੈ। ਵਿਸ਼ਿਆਂ ਦਾ ਵਿਕਾਸ ਮਹਾਨ ਦੂਰ-ਦ੍ਰਿਸ਼ਟੀ ਅਤੇ ਸੂਝ-ਬੂਝ ਵਾਲੇ ਵਿਦਵਾਨਾਂ ਦੇ ਕੰਮ ਸਦਕਾ ਹੈ, ਜਿਸ ਨਾਲ ਮੌਜੂਦਾ ਗਿਆਨ ਵਿੱਚ ਲਗਾਤਾਰ ਵਾਧਾ ਹੁੰਦਾ ਰਹਿੰਦਾ

ਹੈ। ਇਸਦੇ ਨਿਹਿਤ-ਅਰਥ ਸਮਝਣ ਲਈ ਵਿਕਾਸ ਦੀ ਬਣਤਰ ਦੀ ਵਿਆਖਿਆ ਕੀਤੀ ਗਈ ਹੈ।

**2.3.9 ਸਵੈ-ਪੜਤਾਲ ਅਭਿਆਸ :**

1. ਨਿੱਜੀ ਅਤੇ ਜਨਤਕ ਗਿਆਨ ਵਿੱਚ ਅੰਤਰ ਦੱਸੋ।
2. ਵਿਸ਼ਿਆਂ ਦੀ ਸੰਰਚਨਾ ਅਤੇ ਉਨ੍ਹਾਂ ਦਾ ਪ੍ਰਸਾਰ ਦੱਸੋ।
3. ਵਿਸ਼ਾ ਸੰਰਚਨਾ ਯੋਜਨਾ ਦੀ ਮਹੱਤਤਾ ਬਿਆਨ ਕਰੋ।
4. ਵਰਤਮਾਨ ਸਮੇਂ ਦੇ ਵਿਸ਼ਿਆਂ ਦਾ ਸੰਗਠਿਤ ਵਿਕਾਸ ਬਿਆਨ ਕਰੋ।
5. ਟੀਮ ਖੋਜ ਅਤੇ ਰਿਲੇ ਖੋਜ ਵਿੱਚ ਭੇਦ ਦੱਸੋ।
6. ਨਵੇਂ ਵਿਸ਼ਿਆਂ ਦੇ ਵਲਦਾਰ ਵਿਕਾਸ ਦੇ ਮੁੱਖ ਪੜਾਵਾਂ ਦੀ ਰੂਪ-ਰੇਖਾ ਤਿਆਰ ਕਰੋ।

**2.3.10 ਹਵਾਲੇ :**


1. Kemp, D.A., *The Nature of Knowledge : An Introduction For Librarians,* London : Clive Bingley, 1976.
2. Neelameghan, A., Basic Subjects, *Library Science with a slaut to Documentation,* 10(2), 1973; 149-157.
3. Neelameghan, A., Non-Primary Basic Subjects, *Library Science with a slaut to Documentation,* 10(2) 1973; 189-201.
4. Ranganathan, S.R., *Colon Classification, Ed. 7 (1971) : A Preview,* Bangalore Sarada Ranganathan Edowment for Library Science, 1971.
5. Ranganathan, S.R., *Prolegomena to Library Classification,* 3rd ed., Bombay Asia, 1967.


**2.3.11 ਸਵੈ-ਪੜਤਾਲ ਅਭਿਆਸ ਦੇ ਹੱਲ :**

1. ਵੇਖੋ ਅਨੁਭਾਗ 9.2.1
2. ਵੇਖੋ ਅਨੁਭਾਗ 9.5
3. ਵੇਖੋ ਅਨੁਭਾਗ 9.6
4. ਵੇਖੋ ਅਨੁਭਾਗ 9.7.5
5. ਵੇਖੋ ਅਨੁਭਾਗ 9.7.5.1 ਅਤੇ 9.7.6
6. ਵੇਖੋ ਅਨੁਭਾਗ 9.7.9

ਰਹੀ ਹੈ। ਇਹ ਸਾਰਾ ਮਨੁੱਖੀ ਦਿਮਾਗ ਦੀ ਹੀ ਪ੍ਰਕਿਰਿਆ ਅਤੇ ਜੁਗਤਾਂ ਦਾ ਨਤੀਜਾ ਹੈ। ਮਨੁੱਖੀ ਦਿਮਾਗ ਦੀ ਉੱਪਜ ਵਜੋਂ ਪ੍ਰਾਪਤ ਉਤਪਾਦ ਨੂੰ "ਬੌਧਿਕ ਸੰਪੱਤੀ" (Intellectual Property) ਕਿਹਾ ਜਾਂਦਾ ਹੈ। ਇਸ ਵਿਸ਼ਾ ਤੇ ਕਈ ਕਾਨਫਰੰਸਾਂ ਅਤੇ ਗੋਸ਼ਟੀਆਂ ਤੇ ਚਰਚਾਵਾਂ ਕੀਤੀਆਂ ਗਈਆਂ ਹਨ। ਭਾਰਤ ਵਿਚ ਵੀ ਇਹ ਚਰਚਾ ਦਾ ਵਿਸ਼ਾ ਹੈ।

ਗਿਆਨ ਦੀ ਜ਼ਿਆਦਾ ਤੋਂ ਜਿਆਦਾ ਵਰਤੋਂ ਕਰਨ ਵਾਸਤੇ ਅਤੇ ਲਾਭ ਪ੍ਰਾਪਤ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਇਸ ਗਿਆਨ ਨੂੰ ਮਨੁੱਖੀ ਧਨ ਵਿਚ ਬਦਲ ਲਿਆ ਜਾਵੇ। Mashelker, Director General CSIR ਨੇ ਕਿਹਾ ਹੈ ਕਿ "21 ਵੀਂ ਸਦੀ ਗਿਆਨ ਦੀ ਸਦੀ ਹੋਵੇਗੀ। ਅਸਲ ਵਿਚ ਇਹ ਦਿਮਾਗ ਦੀ ਸਦੀ ਹੋਵੇਗੀ।" ਨਵੀਨਤਾ (Innovation) ਸਾਰੀਆਂ ਖੋਜਾਂ, ਉਤਪੱਤੀ ਤੇ ਗਿਆਨ ਦੀ ਸੁਧਾਈ ਦੀ ਕੁੰਜੀ ਹੈ। ਕਿਸੇ ਰਾਸ਼ਟਰ ਦੀ ਯੋਗਤਾ ਇਸ ਗੱਲ ਵਿਚ ਹੈ ਕਿ ਉਹ ਗਿਆਨ, ਪੂੰਜੀ ਅਤੇ ਸਮਾਜਿਕ ਵਸਤਾਂ ਦੇ ਰੂਪ ਵਿਚ ਨਵੀਨਤਾ (Innovation) ਰਾਹੀਂ ਬਦਲ ਲਿਆਵੇ। ਇਹ ਬੌਧਿਕ ਪੂੰਜੀ ਰਾਸ਼ਟਰ ਨੂੰ ਸਹਿਯੋਗ ਦੇਵੇਗੀ। ਇਸ ਵਿਸ਼ੇ ਦੇ ਸੰਦਰਭ ਵਿਚ ਬੌਧਿਕ ਸੰਪੱਤੀ ਦੀ ਉਤਪੱਤੀ ਮੁਲਾਂਕਣ, ਸੰਭਾਲ ਅਤੇ ਵਰਤੋਂ (Valuation, Protection and explotation) ਵਰਗੀਆਂ ਚੀਜਾਂ ਬਹੁਤ ਜ਼ਿਆਦਾ ਮਹੱਤਵਪੂਰਣ ਬਣ ਰਹੀਆਂ ਹਨ।

### 2.5.2. ਬੌਧਿਕ ਸੰਪੱਤੀ ਦਾ ਅਰਥ (Meaning of Intellectual Property IP)

ਮਨੁੱਖੀ ਪੂੰਜੀ ਵਾਸਤਵਿਕ ਅਤੇ ਅਮੂਰਤ ਹੁੰਦੀ ਹੈ, ਅਤੇ ਬੌਧਿਕ ਪੂੰਜੀ ਅਮੂਰਤ ਪੂੰਜੀ ਦਾ ਹਿੱਸਾ ਹੈ।ਬੌਧਿਕ ਪੂੰਜੀ ਉਹ ਹੈ ਜਿਹੜੀ ਮਨੁੱਖੀ ਸਿਆਣਪ ਜਾਂ ਦਿਮਾਗੀ ਮਿਹਨਤ ਦੁਆਰਾ ਤਿਆਰ ਕੀਤੀ ਜਾਂਦੀ ਹੈ, ਅਤੇ ਇਹ ਜ਼ਿਆਦਾ ਕਰਕੇ ਅਮੂਰਤ ਹੁੰਦੀ ਹੈ ਅਤੇ ਬਾਅਦ ਵਿਚ ਇਸ ਨੂੰ ਵਾਸਤਵਿਕ ਹੋਂਦ ਵਿਚ ਪੈਦਾ ਕਰ ਲਿਆ ਜਾਂਦਾ ਹੈ।

### 2.5.2.1. ਬੌਧਿਕ ਪੂੰਜੀ ਦੀਆਂ ਕਿਸਮਾਂ (Types of IP)

ਬੌਧਿਕ ਪੂੰਜੀ ਦੀਆਂ ਤਿੰਨ ਕਿਸਮਾਂ ਹਨ :

(i) **ਉਦਯੋਗਿਕ ਸੰਪੱਤੀ (Industrial Property) :** ਇਸ ਕੈਟਾਗਰੀ ਵਿਚ ਅਜਿਹੀਆਂ ਚੀਜਾਂ ਆ ਜਾਂਦੀਆਂ ਹਨ ਜਿਵੇਂ ਕਿ Patenent, Trade Mark, Industrial design ਆਦਿ।

(ii) **ਸਾਹਿਤਿਕ ਰੂਪ (Literary Form) :** ਇਸ ਕੈਟਾਗਰੀ ਵਿਚ Copy right ਦੇ ਇਸ ਨਾਲ ਸੰਬੰਧਿਤ ਅਧਿਕਾਰ ਆ ਜਾਂਦੇ ਹਨ।

(iii) **ਸੰਪੱਤੀ ਦੇ ਨਵੇਂ ਰੂਪ (New Property Form) :** ਇਹ ਕਿਸਮਾਂ ਹੁਣ ਵਰਤਮਾਨ ਵਿਚ ਹੋਂਦ ਵਿਚ ਆ ਰਹੀਆਂ ਹਨ। ਇਸ ਵਿਚ ਪੌਦਿਆਂ ਦੀਆਂ ਨਵੀਆਂ ਕਿਸਮਾਂ ਪੌਦਿਆਂ ਨੂੰ ਉਗਾਉਣ ਦੇ ਅਧਿਕਾਰ digital copy right ਵਗੈਰਾ ਆ ਜਾਂਦੇ ਹਨ। ਇਨ੍ਹਾਂ ਨੂੰ ਸੂਚਨਾ ਟੈਕਨਾਲੋਜੀ, ਰਸਾਇਣ ਟੈਕਨਾਲੋਜੀ, ਬਾਓ-ਟੈਕਨਾਲੋਜੀ ਨਾਲ ਸੰਬੰਧਿਤ ਕਿਹਾ ਜਾਂਦਾ ਹੈ। ਪੁਰਾਤਨ ਵਿਗਿਆਨ ਦੇ ਖੇਤਰ ਵਿਚ ਵੀ ਇਹ ਕੁਝ ਨਵੀਆਂ ਤਕਨੀਕਾਂ ਆ ਚੁੱਕੀਆਂ ਹਨ।

### 2.5.3. ਬੌਧਿਕ ਸੰਪੱਤੀ ਦੀ ਸੁਰੱਖਿਆ ਦੀ ਲੋੜ (Need for Protection of IP)

ਉਪਰ ਦਿੱਤੇ ਵਿਚਾਰ ਦੇ ਆਧਾਰ ਤੇ ਇਹ ਗੱਲ ਜ਼ਰੂਰੀ ਹੈ ਕਿ ਬੌਧਿਕ ਸੰਪੱਤੀ ਨੂੰ ਬਚਾਇਆ ਜਾਵੇ, ਤਾਂ ਕਿ ਕਿਸੇ ਦਾ ਲਿਖਿਆ ਹੋਇਆ ਕੰਮ ਕੋਈ ਹੋਰ ਨਾ ਲੈ ਜਾਵੇ। ਇਸ ਤੋਂ ਵੱਧ ਕੇ ਹਰ ਇਕ ਨੂੰ ਅਧਿਕਾਰ ਹੈ ਕਿ ਉਹ ਆਪਣੇ ਵਿਗਿਆਨਿਕ, ਸਾਹਿਤਮਕ ਜਾਂ ਕਲਾਤਮਕ ਖੇਤਰ ਵਿਚ ਤਿਆਰ ਕੀਤੀ ਹੋਈ ਚੀਜ਼, ਜਿਸਦਾ ਕਿ ਉਹ ਤਿਆਰ ਕਰਤਾ ਹੈ, ਉਸ ਦੇ ਲਈ ਉਹ ਆਪਣੇ ਨੈਤਿਕ ਅਤੇ ਭੌਤਿਕ ਹਿੱਤਾਂ ਦੀ ਰਾਖੀ ਕਰੇ। ਬੌਧਿਕ ਸੰਪੱਤੀ ਦੀ ਸੁਰੱਖਿਆ ਦੇ ਬਹੁਤ ਸਾਰੇ ਢੰਗ ਹਨ :

ਨਵੀਆਂ ਖੋਜਾਂ ਦੀ ਸੁਰੱਖਿਆ ਉਨ੍ਹਾਂ ਨੂੰ ਪੇਟੈਂਟ ਕਰਵਾ ਕੇ ਕੀਤੀ ਜਾਂਦੀ ਹੈ। ਨਵੇਂ ਡਿਜਾਇਨ, ਨਵੇਂ ਢੰਗ, ਨਵੇਂ ਲੋਕ, ਨਵੇਂ ਲੇਬਲ ਆਦਿ ਨੂੰ ਸੰਬੰਧਿਤ ਅਧਿਕਾਰੀ ਕੋਲ ਪੰਜੀਕਰਣ ਕਰਵਾ ਕੇ ਸੁਰੱਖਿਅਤ ਰੱਖ ਸਕਦੇ ਹਨ।

ਇਸ ਕਰਕੇ ਇਹ ਗੱਲ ਵੀ ਕਹੀ ਜਾ ਸਕਦੀ ਹੈ ਕਿ ਬੌਧਿਕ ਸੰਪੱਤੀ ਦੂਸਰੀ ਪੂੰਜੀ ਵਾਂਗ ਪੂਰਨ ਨਹੀਂ ਹੈ। ਕੋਈ ਵੀ ਵਿਅਕਤੀ ਬੌਧਿਕ ਸੰਪਤੀ ਦੇ ਪੂਰਨ ਅਧਿਕਾਰ ਦੀ ਵਰਤੋਂ ਜਾਂ ਕੰਟਰੋਲ ਕਿਸੇ ਸਰਕਾਰ ਤੋਂ ਬਿਨਾਂ ਨਹੀਂ ਕਰ ਸਕਦਾ। ਸਰਕਾਰ ਬੌਧਿਕ ਸੰਪਤੀ ਦੇ ਲਾਇਸੈਂਸ ਦੇਣ ਸਮੇਂ ਜਨਤਕ ਸਿਹਤ ਤੇ ਨੈਤਿਕਤਾ ਉਤੇ ਕੁੱਝ ਬੰਦਸ਼ਾਂ ਲਗਾ ਸਕਦੀ ਹੈ। ਉਸ ਤਰ੍ਹਾਂ ਕਲਾ, ਸਾਹਿਤ, ਫਿਲਮ, ਮਿਊਜਿਕ ਰਿਕਾਰਡ, ਕੰਪਿਊਟਰ ਪ੍ਰੋਗਰਾਮ ਆਦਿ ਵੀ ਕਾਨੂੰਨੀ ਤੌਰ ਤੇ ਰਜਿਸਟਰਡ ਕਰਵਾ ਕੇ Copyright

ਅਧਿਕਾਰ ਸੁਰੱਖਿਅਤ ਰੱਖੇ ਜਾ ਸਕਦੇ ਹਨ।

**2.5.4. ਬੌਧਿਕ ਸੰਪਤੀ ਅਧਿਕਾਰ ਦੀ ਪਰਿਭਾਸ਼ਾ (Definition of IPR)**

ਬੌਧਿਕ ਸੰਪੱਤੀ ਅਧਿਕਾਰਾਂ ਨੂੰ ਅਜਿਹੇ ਅਧਿਕਾਰਾਂ ਦੇ ਤੌਰ ਤੇ ਬਿਆਨ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੂੰ ਵਿਅਕਤੀ ਆਪਣੇ ਦਿਮਾਗ ਨਾਲ ਉਤਪੰਨ ਕਰਦਾ ਹੈ। ਇਹ ਉਤਪੰਨ ਕਰਨ ਵਾਲੇ ਵਿਅਕਤੀ ਨੂੰ ਆਪਣੀ ਸੰਬੰਧਿਤ ਚੀਜ਼ ਨੂੰ ਕਾਨੂੰਨੀ ਅਧਿਕਾਰ ਦੀ ਵਰਤੋਂ ਲਈ ਕੁਝ ਸਮਾਂ ਦਿੰਦੇ ਹਨ, ਤੇ ਇਸ ਤਰੀਕੇ ਨਾਲ ਉਸ ਵਿਅਕਤੀ ਦੀ ਤਿਆਰ ਕੀਤੀ ਚੀਜ਼ ਦੀ ਦੂਸਰੇ ਵਿਅਕਤੀ ਦੁਆਰਾ ਨਕਲ ਤੋਂ ਬਚਾਅ ਹੋ ਜਾਂਦਾ ਹੈ।

**2.5.5. ਬੌਧਿਕ ਸੰਪਤੀ ਅਧਿਕਾਰਾਂ ਦੀਆਂ ਕਿਸਮਾਂ (Types of IPR)**

**2.5.5.1.** ਵਪਾਰ ਨਾਲ ਸੰਬੰਧਿਤ ਆਈ. ਪੀ. ਆਰ. (IPR) ਲਈ ਹੇਠ ਲਿਖੇ ਬੌਧਿਕ ਅਧਿਕਾਰਾਂ ਦੀ ਪਛਾਣ ਕੀਤੀ :

(i) ਪੇਟੈਂਟ

(ii) ਕਾਪੀਰਾਇਟ

(iii) ਭੂਗੋਲਕ ਸੂਚਕ

(iv) ਉਦਯੋਗਿਕ ਰੂਪ-ਰੇਖਾਵਾਂ

(v) ਵਿਉਪਾਰੀ ਚਿੰਨ੍ਹ (ਟ੍ਰੇਡਮਾਰਕ)

(vi) Layout Designs of Integrated circuits ਅਤੇ

(vii) ਵਪਾਰਕ ਭੇਤ (ਟ੍ਰੇਡਮਾਰਕ)

**2.5.5.2.** ਆਈ.ਪੀ.ਆਰ. (IPR) ਦੇ ਖੇਤਰ ਵਿਚੋਂ ਹੋ ਰਹੀ ਵਰਤਮਾਨ ਤਰੱਕੀ ਵਿਗਿਆਨ ਤੇ ਟੈਕਨਾਲੋਜੀ ਸਮੂੰਹ ਲਈ ਬਹੁਤ ਫਾਇਦੇਮੰਦ ਹੈ। ਇਸ ਨਾਲ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਇੰਤਜ਼ਾਰ ਕਰ ਰਹੀ ਸਹਾਇਤਾ ਮਿਲ ਜਾਵੇਗੀ।

**2.5.6. ਵਿਸ਼ਵ ਬੌਧਿਕ ਸੰਪਤੀ ਸੰਸਥਾ (World Intellectual Property Organization WIPO)**

**2.5.6.1. ਸਥਾਪਨਾ**

ਭਾਵੇਂ ਕਿ ਵਿਸ਼ਵ ਬੌਧਿਕ ਸੰਪਤੀ ਸੰਸਥਾ ਦੇ ਆਰੰਭ ਦੀ ਖੋਜ 19ਵੀਂ ਸਦੀ ਵਿਚ ਕੀਤੀ ਜਾ ਸਕਦੀ ਹੈ, ਪਰ ਇਸਦਾ ਮੌਜੂਦਾ ਨਾਮ 1970 ਨੂੰ ਰੱਖਿਆ ਗਿਆ। ਇਹ 1974 ਵਿਚ UNO ਦੀ ਇਕ ਵਿਸ਼ੇਸ਼ ਏਜੰਸੀ ਬਣ ਗਈ। ਇਹ ਇਕ ਅੰਤਰ ਰਾਸ਼ਟਰੀ ਸੰਸਥਾ ਹੋਣ ਕਰਕੇ, ਇਸ ਗੱਲ ਨੂੰ ਯਕੀਨੀ ਬਣਾਉਂਦੀ ਹੈ ਲੇਖਕਾ ਅਤੇ ਖੋਜਕਾਰਾਂ ਦੇ IPR ਅਧਿਕਾਰਾਂ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਨੂੰ ਮਾਨਤਾ ਦਿੱਤੀ ਜਾਵੇ ਤੇ ਉਨ੍ਹਾਂ ਦੇ ਕੰਮਾਂ ਨੂੰ ਰਿਕਾਰਡ ਕੀਤਾ ਜਾਵੇ।

**2.5.6.2. ਉਦੇਸ਼**

ਵਿਪੋਂ (WIPO) ਨੂੰ ਸਥਾਪਿਤ ਕਰਨ ਦੇ ਹੇਠ ਲਿਖੇ ਉਦੇਸ਼ ਹਨ :

(i) ਰਾਸ਼ਟਰੀ IPR ਦੇ ਕਾਨੂੰਨ ਅਤੇ ਪ੍ਰਕਿਰਿਆ ਨੂੰ ਇਕਸਾਰ ਕਰਨ ਦਾ ਯਤਨ ਕਰਨਾ;

(ii) IPR ਦੇ ਅਧਿਕਾਰ ਹੇਠ ਉਦਯੋਗਿਕ ਸੰਪਤੀ ਅਧਿਕਾਰ ਲਈ ਸੇਵਾਵਾਂ ਪ੍ਰਦਾਨ ਕਰਨਾ;

(iii) ਬੌਧਿਕ ਸੰਪਤੀ ਅਧਿਕਾਰ ਦੀ ਸੂਚਨਾ ਦਾ ਅਦਾਨ ਪ੍ਰਦਾਨ ਕਰਨਾ ;

(iv) ਵਿਕਾਸਸ਼ੀਲ ਅਤੇ ਦੂਸਰੇ ਮੁਲਕਾਂ ਨੂੰ ਤਕਨੀਕੀ ਸਹਾਇਤਾ ਦੇਣੀ ;

(v) ਪ੍ਰਾਈਵੇਟ ਬੌਧਿਕ ਸੰਪੱਤੀ ਦੇ ਝਗੜਿਆਂ ਨੂੰ ਹੱਲ ਕਰਨਾ; ਅਤੇ

(vi) ਕੀਮਤੀ ਬੌਧਿਕ ਸੂਚਨਾ ਦੇ ਭੰਡਾਰਣ, ਪਹੁੰਚ ਪ੍ਰਾਪਤ ਕਰਨ ਅਤੇ ਵਰਤਣ ਲਈ ਸੂਚਨਾ ਤਕਨਾਲੋਜੀ ਦੀ ਇਕ ਸੰਦ ਵਜੋਂ ਵਰਤੋਂ ਕਰਨੀ।

**2.5.6.3. ਸਦੱਸਤਾ (Membership)**

ਸੰਸਾਰ ਦੇ ਸਾਰੇ ਦੇਸ਼ਾਂ ਵਿਚੋਂ ਲਗਭਗ 90% (180 ਦੇਸ਼) WIPO ਦੇ ਮੈਂਬਰ ਹਨ। ਮੈਂਬਰ ਦੇਸ਼ਾਂ ਦੀ ਵੱਡੀ ਸੰਖਿਆ ਇਸ ਗੱਲ ਦੀ ਮਹੱਤਤਾ ਦਰਸਾਉਂਦੀ ਹੈ ਕਿ WIPO ਵਰਗੀ ਅੰਤਰ ਰਾਸ਼ਟਰੀ ਸੰਸਥਾ ਦੁਆਰਾ ਵਰਤਮਾਨ ਸਮੇਂ ਵਿਚ ਕਿੰਨੀ

ਮਹੱਤਤਾ ਦੇ ਕਾਰਜ ਕੀਤੇ ਜਾਂਦੇ ਹਨ।

**2.5.6.4. ਅਮਲਾ (Staff)**

ਸਾਰੇ ਸੰਸਾਰ ਦੇ ਸਟਾਫ ਨੂੰ ਮਿਲਾ ਕੇ ਇਸਦੇ ਕੁੱਲ ਕਰਮਚਾਰੀਆਂ ਦੀ ਗਿਣਤੀ ਲਗਭਗ 817 ਬਣਦੀ ਹੈ।

**2.5.6.5. ਕੰਮ ਤੇ ਕਿਰਿਆਵਾਂ**

ਵਿਪੋ (WIPO) ਬੌਧਿਕ ਸੰਪੱਤੀ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਈ ਤਰ੍ਹਾਂ ਦੇ ਕੰਮ ਕਰਦੀ ਹੈ :

(i) ਅੰਤਰ ਰਾਸ਼ਟਰੀ ਸੰਧੀਆਂ ਬਣਾਉਣਾ;

(ii) ਸਰਕਾਰੀ ਸੰਸਥਾਵਾਂ ਸੰਗਠਨਾਂ ਤੇ ਪ੍ਰਾਈਵੇਟ ਸੈਕਟਰਾਂ ਦੀ ਮੱਦਦ ਕਰਨਾ ;

(iii) IPR ਦੀ ਤਰੱਕੀ ਨੂੰ ਅੱਗੇ ਵਧਾਉਣ ਦੇ ਵਿਕਾਸ ਲਈ ਨਿਯੰਤਰਣ ਕਰਨਾ ;

(iv) ਇਸ ਨਾਲ ਸੰਬੰਧਿਤ ਨਿਯਮਾਂ ਅਤੇ ਅਭਿਆਸਾਂ ਨੂੰ ਇਕਸਾਰ ਕਰਨਾ ਅਤੇ ਉਨ੍ਹਾਂ ਨੂੰ ਸਰਲ ਰੂਪ ਦੇਣਾ; ਅਤੇ

(v) ਅੰਤਰ ਰਾਸ਼ਟਰੀ ਸ਼ਰਤਾਂ ਤੇ ਪੱਧਰ ਨੂੰ ਉੱਚਾ ਕਰਨਾ ਤੇ ਉਨ੍ਹਾਂ ਦੀ ਵਰਤੋਂ ਕਰਨੀ।

**2.5.7. ਵਿਸ਼ਵ ਬੌਧਿਕ ਸੰਪੱਤੀ ਅਧਿਕਾਰ ਸੰਸਥਾ ਨੇਟਵਰਕ (World Intellectual Property Rights Organization Network (WIPONET)**

**2.5.7.1. ਸਥਾਪਨਾ**

ਰਾਸ਼ਟਰਾਂ ਦੀ ਆਰਥਿਕ ਤਰੱਕੀ ਲਈ ਬੌਧਿਕ ਸੰਪੱਤੀ ਇਕ ਮੁੱਦਾ ਬਣਦਾ ਜਾ ਰਿਹਾ ਹੈ। ਜਿਹੜੀਆਂ ਸੰਸਥਾਵਾਂ IP ਦੀ ਆਰਥਿਕ ਤਰੱਕੀ ਲਈ IP ਅਧਿਕਾਰਾਂ ਦੀ ਸੁਰੱਖਿਆ ਵਿਚ ਲੱਗੀਆਂ ਹੋਈਆਂ ਹਨ, ਉਹ ਉਨ੍ਹਾਂ ਨੂੰ ਇਕ ਨੈਟਵਰਕ ਵਿਚ ਜੁੜ ਜਾਣ ਲਈ ਮੱਦਦ ਕੀਤੀ ਜਾ ਰਹੀ ਹੈ। ਇਸ ਕਰਕੇ WIPO ਨੇ ਜਨਵਰੀ 1998 ਵਿਚ ਅੰਤਰ ਰਾਸ਼ਟਰੀ ਪੱਧਰ ਉਤੇ ਇਕ Netwrok ਸਥਾਪਿਤ ਕਰਨ ਦਾ ਫੈਸਲਾ ਕੀਤਾ ਤਾਂ ਜੋ IP ਦੀ ਉਤਪੱਤੀ, ਕੀਮਤੀਕਰਨ ਸੁਰੱਖਿਆ ਅਤੇ ਵਰਤੋਂ ਕਰਨ ਦੇ ਢੰਗ ਤਰੀਕਿਆਂ ਵਿਚ ਮੱਦਦ ਕੀਤੀ ਜਾ ਸਕੇ।

**2.5.7.2. ਉਦੇਸ਼**

ਇਸ ਦੀ ਸਥਾਪਨਾ ਹੇਠ ਲਿਖੇ ਉਦੇਸ਼ਾਂ ਲਈ ਕੀਤੀ ਗਈ :

(i) ਅੰਤਰ ਰਾਸ਼ਟਰੀ ਬੌਧਿਕ ਸੰਪੱਤੀ ਦੇ ਖੇਤਰ ਵਿਚ ਉੱਨਤ ਕੀਤੀ ਹੋਈ ਸੂਚਨਾ ਦੇ ਅਦਾਨ ਪ੍ਰਦਾਨ ਲਈ ਜ਼ਰੂਰੀ ਢਾਂਚਾ ਮੁਹੱਈਆ ਕਰਵਾਉਣਾ ;

(ii) ਸੂਚਨਾ ਟੈਕਨਾਲੋਜੀ ਦੀ ਵਰਤੋਂ ਦਾ ਵਿਵਹਾਰਿਕ ਫਾਇਦਾ ਉਠਾਉਣਾ, ਤਾਂ ਜੋ ਬੌਧਿਕ ਸੂਚਨਾ ਅਧਿਕਾਰ ਸੰਗਠਨ ਦੇ ਖੇਤਰ ਵਿਚ, ਜੋ ਮੁਸ਼ਕਿਲਾਂ ਇਸਦੇ ਮੈਂਬਰ ਰਾਜਾਂ ਦੇ ਅੰਤਰ ਰਾਸ਼ਟਰੀ ਬਰਾਦਰੀ ਨੂੰ ਆ ਰਹੀਆਂ ਹਨ, ਉਨ੍ਹਾਂ ਨੂੰ ਹੱਲ ਕੀਤਾ ਜਾ ਸਕੇ ;

(iii) ਤਰੱਕੀ ਕਰ ਚੁੱਕੇ ਤੇ ਤੱਰਕੀਸ਼ੀਲ ਦੇਸ਼ਾਂ ਵਿਚਕਾਰ ਸੂਚਨਾ ਪਹੁੰਚ ਦੇ ਖੇਤਰ ਵਿਚ ਦੂਰੀ ਨੂੰ ਘੱਟ ਕਰਨਾ ;

(iv) IPR ਅਤੇ WIPO ਦੇ ਮੈਂਬਰ ਰਾਜਾਂ, ਖੇਤਰੀ IP ਅਫਸਰਾਂ ਅਤੇ Intellectual Bureau ਦਰਮਿਆਨ ਸੂਚਨਾ ਪ੍ਰਸਾਰ ਸੰਬਧ ਸਥਾਪਤ ਕਰਨੇ ;

(v) ਬੌਧਿਕ ਸੰਪੱਤੀ ਦੇ ਸੂਚਨਾ ਖਰਚਿਆਂ ਅਤੇ ਪਹੁੰਚ ਦੇ ਸਮੇਂ ਵਿਚ ਪਹਿਲਾਂ ਤਹਿ ਸਿਧਾਂਤਾਂ ਦੇ ਆਧਾਰ ਤੇ ਸੁਧਾਰ ਲਈ ਤਬਦੀਲੀ ਕਰਨਾ ਤੇ ਸੂਚਨਾ ਆਦਾਨ ਪ੍ਰਦਾਨ ਕਰਨਾ ;

(vi) ਬੌਧਿਕ ਸੰਪੱਤੀ ਦੀ ਸੂਚਨਾ ਦੇ ਪ੍ਰਸਾਰਣ ਵਿਚ ਸੁਧਾਰ ਕਰਨੇ ;

(vii) ਬੁਧੀਮਾਨਾਂ ਨੂੰ ਸੇਧ ਦੇਣ ਵਿਚ ਮੱਦਦ ਕਰਨ ਲਈ ਬਿੱਜਲਾਣੂ ਸੇਵਾਵਾਂ ਚਾਲੂ ਕਰਨੀਆਂ;

(viii) ਬੌਧਿਕ ਸੰਪੱਤੀ ਨੂੰ ਸੂਚਨਾ ਤਕਨੀਕ ਦੀ ਵਰਤੋਂ ਵਿਚ ਮਦਦ ਕਰਨੀ ; ਅਤੇ

(ix) ਅੰਤਰਰਾਸ਼ਟਰੀ ਪੱਧਰ ਤੇ ਪੈਟੇਂਟ, ਟਰੇਡ ਮਾਰਕਾਂ ਅਤੇ ਉਦਯੋਗਿਕ ਰੂਪ ਰੇਖਾਵਾਂ ਦਾ ਵਰਗੀਕਰਣ ਕਰਕੇ, ਬੌਧਿਕ

ਸੰਪੱਤੀ ਸੂਚਨਾ ਦੀ ਪੁਨਰ-ਪ੍ਰਾਪਤੀ ਵਿਚ ਸੁਧਾਰ ਕਰਨੇ ਅਤੇ ਇਸ ਨੂੰ ਇਕ ਕਾਰਗਰ ਖੋਜ ਸ੍ਰੋਤ ਬਣਾਉਣਾ ਹੈ।

**2.5.7.3. ਸਦੱਸਤਾ (Membership)**

ਵਿਪੋਨੈਟ (WIPONET) ਨੇ ਸ਼ੁਰੂਆਤ ਵਿਚ 171 ਦੇਸ਼ਾਂ ਵਿਚ 332 IP ਦਫਤਰਾਂ ਨੂੰ ਆਪਸ ਵਿਚ ਜੋੜਿਆ ਹੈ ਕਿਉਂਕਿ ਇਹ International Network ਹੈ। ਇਸ ਲਈ ਇਹ WIPO, ਅਤੇ IP Community ਵਿਚਕਾਰ ਸੰਚਾਰ ਵਾਧਾਏਗਾ ਅਤੇ ਇਕ ਦੂਜੇ ਨੂੰ ਸੂਚਨਾ ਪ੍ਰਦਾਨ ਕਰਨ ਵਿਚ ਸਹਾਇਤਾ ਪ੍ਰਦਾਨ ਕਰੇਗਾ।

**2.5.7.4. ਸੇਵਾਵਾਂ (Services)**

ਵਿਪੋਨੈਟ (WIPONET) ਆਪਣੇ ਮੈਂਬਰਾਂ ਨੂੰ ਹੇਠ ਲਿਖੀਆਂ ਸੇਵਾਵਾਂ ਮੁਹੱਈਆਂ ਕਰਾਉਂਦਾ ਹੈ :

(i) ਈ-ਮੇਲ ਸੇਵਾਵਾਂ।

(ii) ਲਿਸਟ ਸੇਵਾਵਾਂ।

(iii) ਵੈਬ ਹੋਸਟਿੰਗ।

(iv) ਫਾਈਲ ਟਰਾਂਸਫਰ ਸੇਵਾਵਾਂ।

(v) ਬੌਧਿਕ ਸੰਪੱਤੀ ਸੰਬੰਧਤ ਮੁੱਦਿਆ ਬਾਰੇ ਗੱਲਬਾਤ ਕਰਨ ਵਾਲੇ ਗਰੁਪ।

(vi) ਵਾਈਰਸ ਸਕੈਨਿੰਗ।

(vii) ਮਿਤੀਅੰਤ ਹਸਤਾਖਰਾਂ ਦਾ ਉਪਬੰਧ।

**2.5.8. ਕਾਪੀਰਾਇਟ (Copyright)**

**2.5.8.1. ਪਿਛੋਕੜ**

ਕਾਪੀਰਾਇਟ ਦੀ ਧਾਰਣਾ ਕਾਫੀ ਪੁਰਾਣੀ ਹੈ। ਪਰ ਕਾਪੀਰਾਇਟ ਦੀ ਸੁਰੱਖਿਆ ਦਾ ਮਸਲਾ ਇਕ ਆਧੁਨਿਕ ਮਸਲਾ ਹੈ। ਇਹ ਛਾਪੇਖਾਨੇ ਦੀ ਆਮਦ ਤੋਂ ਬਾਅਦ ਸ਼ੁਰੂ ਹੋਇਆ, ਜਦੋਂ ਪੱਛਮ ਦੇ ਦੇਸ਼ਾਂ ਵਿਚ ਬਹੁਕਾਪੀ ਬਣਾਉਣ ਦੀ ਪ੍ਰਣਾਲੀ ਜ਼ਿਆਦਾ ਮਸ਼ਹੂਰ ਹੋ ਗਈ, ਉਸ ਸਮੇਂ ਸੁਰੱਖਿਆ ਲਈ ਵੀ ਕਿਸੇ ਸ੍ਰੋਤ ਦੀ ਜ਼ਰੂਰਤ ਮਹਿਸੂਸ ਕੀਤੀ ਗਈ।

1886 ਵਿਚ Berne Convention ਵਿਚ ਅੰਤਰਰਾਸ਼ਟਰੀ ਕਾਪੀਰਾਇਟ ਸੁਰੱਖਿਆ ਨੂੰ ਇਕ ਅਮਲੀ ਰੂਪ ਪ੍ਰਦਾਨ ਕੀਤਾ ਗਿਆ ਪਰ ਵਿਸ਼ਵ ਦੇ ਕਈ ਦੇਸ਼ਾਂ, ਜਿਨ੍ਹਾਂ ਵਿਚ ਯੂ. ਐਸ. ਏ. ਅਤੇ ਉਸ ਵੇਲੇ ਦਾ ਯੂ. ਐਸ. ਐਸ. ਆਰ. (ਹੁਣ ਰਸ਼ੀਆ) ਨੇ ਇਸ ਉੱਤੇ ਹਸਤਾਖਰ ਨਹੀਂ ਕੀਤੇ।

1952 ਵਿਚ ਇਕ ਵਿਸ਼ਵ ਕਾਪੀ ਰਾਇਟ ਗੋਸ਼ਟੀ ਬਣਾਈ ਗਈ ਅਤੇ ਯੂ. ਐਸ. ਏ. ਅਤੇ ਭਾਰਤ ਸਮੇਤ ਵਿਸ਼ਵ ਦੇ ਬਹੁਤ ਸਾਰੇ ਦੇਸ਼ ਇਸ ਦੇ ਮੈਂਬਰ ਬਣ ਗਏ।

ਅੱਜ ਵੀ ਇਨ੍ਹਾਂ ਦੋ ਉਪਰਾਲਿਆਂ ਨੂੰ ਵਿਸ਼ਵ ਵਿਚ ਸਿਰਜਨਾ ਦੀ ਸੁਰੱਖਿਆ ਵਿਚ ਮਹੱਤਵਪੂਰਣ ਸਥਾਨ ਪ੍ਰਾਪਤ ਹੈ।

**2.5.8.2. ਸਮਾਜਕ ਜਾਗਰੁਕਤਾ (Social Awareness)**

ਕਿਸੇ ਦੇਸ਼ ਵਿਚ ਕਾਪੀ ਰਾਇਟ ਨਿਯਮ ਦਾ ਬਣਾਇਆ ਜਾਣਾ, ਸੁਰੱਖਿਆ ਪ੍ਰਤੀ ਆਖਰੀ ਕਾਰਜ ਨਹੀਂ ਹੈ, ਬਲਕਿ ਇਹ ਤਾਂ ਸ਼ੁਰੂਆਤ ਹੀ ਹੈ। ਇਸ ਪ੍ਰਤੀ ਲੋਕਾਂ ਵਿਚ ਸਮਾਜਿਕ ਜਾਗਰੁਕਤਾ ਪੈਦਾ ਕਰਨਾ ਬੜਾ ਔਖਾ ਕਾਰਜ ਹੈ।

ਕਿਸੇ ਪੁਸਤਕ, ਸੰਗੀਤ, ਚਿੱਤਰਕਲਾ, ਵਸਤੂਕਲਾ ਦੀ ਵਰਤੋਂ ਵਿਚ ਸਮਾਜਿਕ ਜਾਗਰੁਕਤਾ ਦੀ ਘਾਟ ਵਜੋਂ, ਇਨ੍ਹਾਂ ਦੇ ਸਿਰਜਨ ਕਰਤਾ ਸਦਾ ਹੀ ਮਾਰ ਖਾਂਦੇ ਰਹਿਣਗੇ, ਕਿਉਂਕਿ ਸਮਾਜਿਕ ਜਾਗਰੁਕਤਾ ਹੀ ਸਿਰਜਨਕਾਰਾਂ ਨੂੰ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ।

ਸਿੱਖਿਆ ਵਿਚ ਵਾਧੇ, ਲੋਕਰਾਜੀ ਵਿਚਾਰਾਂ ਦੇ ਵਿਕਾਸ ਅਤੇ ਉੱਚ ਸਿੱਖਿਆ ਦੇ ਅਦਾਰਿਆਂ ਦੇ ਪ੍ਰਸਾਰ ਦੇ ਕਾਰਣਾਂ ਕਰਕੇ ਲੋਕਾਂ ਦੀ ਰੁਚੀ ਪੜ੍ਹਾਈ ਵਿਚ ਵੱਧੀ ਹੈ, ਅਤੇ ਲੋਕਾਂ ਵਿਚਕਾਰ ਇਨ੍ਹਾਂ ਦੀ ਸਿਰਜਨਾ ਬਾਰੇ ਜਾਗਰੁਕਤਾ ਵਿਚ ਵੀ ਵਾਧਾ ਹੋਇਆ ਹੈ। ਸਭਿਆਚਾਰਕ ਪ੍ਰਕਿਰਿਆ ਵਿਚ ਵਾਧਾ ਹੋਣ ਕਰਕੇ, ਕਲਾ ਦੇ ਕੰਮ ਲੋਕਾਂ ਵਿਚ ਜ਼ਿਆਦਾ ਹਰਮਨ ਪਿਆਰੇ ਬਣ ਗਏ ਹਨ।

ਵਿਕਾਸਸ਼ੀਲ ਦੇਸ਼ਾਂ ਵਿਚ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਕਲਾਤਮਕ ਸਿਰਜਨਾ ਦਾ ਵਿਕਾਸ ਹੋਇਆ ਹੈ। ਨਵੀਂ ਸਰਕਾਰਾਂ ਨੇ ਸਾਖਰਤਾ ਵਧਾਉਣ ਅਤੇ ਕਲਾ, ਸੰਗੀਤ ਆਦਿ ਨੂੰ ਹੱਲਾ ਸ਼ੇਰੀ ਦੇਣ ਲਈ ਕਾਫੀ ਖਰਚ ਕਰਨਾ ਸ਼ੁਰੂ ਕਰ ਦਿੱਤਾ, ਜਿਸ ਕਾਰਣ ਇਨ੍ਹਾਂ ਦੀ ਸੁਰੱਖਿਆ ਲਈ ਕਾਪੀ ਰਾਇਟ ਦੀ ਜ਼ਿਆਦਾ ਜ਼ਰੂਰਤ ਪੈ ਗਈ।

### 2.5.8.3. ਕਾਪੀ ਰਾਇਟ ਕੀ ਹੈ ?

ਇਹ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਬੌਧਿਕ ਸੰਪੱਤੀ ਦੋ ਪ੍ਰਕਾਰ ਦੀ ਹੁੰਦੀ ਹੈ। ਇਕ ਉਦਯੋਗਿਕ ਸੰਪੱਤੀ ਜਿਸ ਵਿਚ ਮੁੱਖ ਰੂਪ ਵਿਚ ਖੋਜਾਂ, ਟਰੇਡ ਮਾਰਕ, ਉਦਯੋਗਿਕ ਰੂਪ ਰੇਖਾਵਾਂ ਆਦਿ ਆਉਂਦੇ ਹਨ। ਦੂਜੀ ਸ਼੍ਰੇਣੀ ਵਿਚ ਕਾਪੀ ਰਾਇਟ ਆਉਂਦਾ ਹੈ। ਜਿਸ ਵਿਚ ਸਾਹਿਤਕ, ਸੰਗੀਤ, ਕਲਾ, ਫੋਟੋਗ੍ਰਾਫੀ ਅਤੇ ਸਰਵਣ-ਦਰਸੀ ਰਚਨਾਵਾਂ ਆਉਂਦੀਆਂ ਹਨ।

ਕਾਪੀਰਾਇਟ ਇਕ ਕਾਨੂੰਨੀ ਹੱਕਾਂ ਦਾ ਪੁਲੰਦਾ ਹੈ, ਜਿਹੜਾ ਲੇਖਕ ਨੂੰ ਉਸਦੀ ਸਿਰਜਨਾ ਪੁਸਤਕਾਂ, ਫੋਟੋਆਂ, ਸੰਗੀਤ, ਨਾਟਕ ਵਿਡੀਓ, ਮੂਰਤੀਕਲਾ, ਸਾਫਟਵੇਅਰ, ਮਲਟੀਮੀਡੀਆ ਅਤੇ ਡਾਟਾ ਬੇਸ ਆਦਿ ਦੀ ਸੁਰੱਖਿਆ ਲਈ ਪ੍ਰਦਾਨ ਕੀਤਾ ਜਾਂਦਾ ਹੈ। ਕਾਪੀਰਾਈਟ ਦੇ ਅਧੀਨ ਸਾਰੀਆਂ ਸਿਰਜਨਾਂ ਚਾਹੇ ਉਹ ਕਿਸੇ ਵੀ ਸਵਰੂਪ (Medium) ਵਿਚ ਹੋਣ, ਆਉਂਦੀਆਂ ਹਨ। ਇਸ ਲਈ ਇਸ ਨਿਯਮ ਦੇ ਅਧੀਨ ਡਿਜੀਟਲ ਸਵਰੂਪ ਵੀ ਆ ਜਾਂਦੇ ਹਨ।

ਐਨਸਾਇਕਲੋਪੀਡੀਆ ਅਮੇਰਿਕਾਨਾ ਦੇ ਅਨੁਸਾਰ ਕਾਪੀਰਾਇਟ, "ਉਹ ਨਿਵੇਕਲਾ ਅਧਿਕਾਰ, ਜਿਹੜਾ ਕਿਸੇ ਲੇਖਕ, ਸੰਗੀਤਕਾਰ ਜਾਂ ਕਲਾਕਾਰ ਨੂੰ ਪੇਸ਼ਕਾਰੀ, ਅਨੁਵਾਦਕ, ਵਿਤਰਣ, ਫੋਨੋ ਰਿਕਾਰਡ ਨੂੰ ਜੇਕਰ ਉਸਦੇ ਸਿਰਜਨਕਾਰ ਦੇ ਆਗਿਆ ਬਿਨਾਂ ਵਰਤੋਂ ਵਿਚ ਲਿਆਂਦਾ ਜਾਵੇ, ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਵਿਚ ਸੰਪੱਤੀ ਅਧਿਕਾਰ, ਕਿਸੇ ਮੂਲ ਸੰਗੀਤ ਜਾਂ ਡਰਾਮਾਟਿਕ ਕਾਰਜ ; ਇਕ ਨਾਵਲ, ਕਵਿਤਾ ਜਾਂ ਗੈਰ ਨਾਵਲ ਕਾਰਜ ; ਛਪਾਈ ਜਾਂ ਨਕਸ਼ਾ ਆਦਿ ਬੌਧਿਕ ਉਤਪਾਦਨ ਆਉਂਦੇ ਹਨ ਅਤੇ ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਦੇ ਹਨ।

ਇਹ ਕਾਪੀ ਰਾਇਟ ਦੇ ਅਧਿਕਾਰ ਕੇਵਲ ਉਨ੍ਹਾਂ ਰਚਨਾ ਲਈ ਹੀ ਨਹੀਂ ਹਨ, ਜਿਨ੍ਹਾਂ ਤੇ ਕਾਪੀ ਰਾਇਟ ਨੋਟਸ (©) ਲੱਗਿਆ ਹੋਵੇ। ਇਹ ਸਾਰੀਆਂ ਰਚਨਾਵਾਂ ਲਈ ਹਨ।

ਕਾਪੀਰਾਇਟ ਕਾਨੂੰਨ ਵਿਚ ਹੋਏ ਬਦਲਾਉ ਦੇ ਕਾਰਣ, ਉਹ ਕਾਰਜ ਜਿਹੜੇ ਮਾਰਚ 1, 1989 ਤੋਂ ਬਾਅਦ, ਬਿਨਾਂ ਕਾਪੀ ਰਾਇਟ ਨੋਟਸ ਤੇ ਹੋਣ, ਨੂੰ ਵੀ ਸੁਰੱਖਿਆ ਦਾ ਹੱਕ ਪ੍ਰਦਾਨ ਕਰਦਾ ਹੈ। ਇਹ ਇਕ ਇਸ ਦਿਸ਼ਾਂ ਵਿਚ ਵੱਡੀ ਉਪਲੱਬਧੀ ਹੈ।

### 2.5.8.4. ਕਾਪੀਰਾਇਟ ਸੁਰੱਖਿਆ ਸਿਧਾਂਤ (Copyright Protection Principles)

ਕਾਪੀਰਾਇਟ ਸੁਰੱਖਿਆ ਨਾਲ ਸੰਬੰਧਤ ਕੁਝ ਨਿਯਮ ਹੇਠ ਲਿਖੇ ਹਨ :

(i) ਕਾਪੀਰਾਇਟ ਸੁਰੱਖਿਆ ਵਿਚ ਸੂਚਨਾ ਪ੍ਰਦਾਨ ਕਰਨ ਦੇ ਢੰਗ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਨਾਂ ਕਿ ਉਸਦੀ ਵਿਸ਼ਾ ਵਸਤੂ ਨੂੰ ;

(ii) ਸੁਰੱਖਿਆ ਪ੍ਰਦਾਨ ਕਰਨ ਲਈ ਰਚਨਾਵਾਂ ਦਾ ਉੱਚ ਕੋਟੀ ਦਾ ਹੋਣਾ ਜ਼ਰੂਰੀ ਨਹੀਂ ਹੈ, ਸਿਰਫ ਇਹ ਮੂਲ ਸਿਰਜਨਾ ਹੋਣੀ ਚਾਹੀਦੀ ਹੈ ;

(iii) ਸਿਧਾਂਤਕ ਰੂਪ ਵਿਚ ਕਾਪੀ ਰਾਇਟ ਹੇਠ ਇਹ ਸੁਰੱਖਿਆ, ਲੇਖਕ ਦੀ ਕਿਰਤ (Labour) ਅਤੇ ਨਿਰਣੇ (Judgement) ਨੂੰ ਪ੍ਰਦਾਨ ਕੀਤੀ ਜਾਂਦੀ ਹੈ, ਉਤਪਾਦਨ ਦਾ ਸਵਰੂਪ ਕੋਈ ਵੀ ਹੋ ਸਕਦਾ ਹੈ ;

(iv) ਸਾਹਿਤਕ, ਸੰਗੀਤ ਅਤੇ ਕਲਾ ਦੇ ਕੰਮਾਂ ਲਈ ਕਾਪੀਰਾਇਟ ਲੇਖਕ ਨੂੰ ਦਿੱਤਾ ਜਾਂਦਾ ਹੈ ;

(v) ਕਾਪੀਰਾਇਟ ਲਈ ਲੇਖਕ ਵਿਅਕਤੀ ਹੋਵੇ, ਸੰਗਠਨ ਨਹੀਂ ;

(vi) ਜੇਕਰ ਰਚਨਾ ਕੰਪਿਊਟਰ ਦੁਆਰਾ ਮਦਦ ਨਾਲ ਕੀਤੀ ਗਈ ਹੋਵੇ, ਤਾਂ ਪ੍ਰਬੰਧਕ ਹੀ ਉਸਦਾ ਲੇਖਕ ਮੰਨਿਆ ਜਾਵੇਗਾ, ਜਿਹੜਾ ਸਾਰੇ ਕਾਰਜ ਕਰਦਾ ਹੈ ;

(vii) ਜੇਕਰ ਕਿਸੇ ਰਚਨਾ ਦੀ ਸਿਰਜਨਾ, ਕੋਈ ਵਿਅਕਤੀ ਆਪਣੇ ਸੇਵਾਕਾਲ ਵਿਚ ਕਰਦਾ ਹੈ, ਤਾਂ ਲੇਖਕ ਮਾਲਕ (Employer) ਹੋਵੇਗਾ। ਇਹ ਤਾਂ ਹੀ ਹੋਵੇਗਾ ਜੇਕਰ ਰਚਨਾ ਡਿਊਟੀ ਟਾਈਮ ਵਿਚ ਕੀਤੀ ਗਈ ਹੋਵੇ ;

(viii) ਇਸ ਸੁਰੱਖਿਆ ਲਈ ਕਿਸੇ ਰਸਮੀ ਕਾਰਵਾਈ (ਪੰਜੀਕਰਣ) ਦੀ ਲੋੜ ਨਹੀਂ ਹੈ। ਕਾਪੀਰਾਇਟ ਨੋਟਸ ਕਿਸੇ ਵੀ ਰਚਨਾ ਤੇ ਹੋ ਸਕਦਾ ਹੈ ;

(ix) ਕਾਪੀਰਾਇਟ ਮਾਲਕ ਦੂੱਜੇ ਨੂੰ ਕਾਰਜ ਲਈ ਆਗਿਆ (Licence) ਦੇ ਸਕਦਾ ਹੈ। ਇਹ ਲਿਖਤੀ ਹੋਣਾ ਜ਼ਰੂਰੀ ਹੈ ;

(x) ਕਾਪੀਰਾਇਟ ਅਧਿਕਾਰ ਪ੍ਰਾਪਤ ਮਾਲਕ ਦੀ ਆਗਿਆ ਬਿਨਾਂ ਕਿਸੇ ਰਚਨਾ ਦਾ ਰੂਪਾਂਤਰ ਕਰਨਾ ਜਾਂ ਕਿਸੇ ਹਿੱਸੇ ਦੀ ਕਾਪੀ ਕਰਨਾ, ਕਾਪੀਰਾਇਟ ਦੇ ਅਧੀਨ ਜੁਰਮ ਹੈ ; ਅਤੇ

(xi) ਕਾਪੀਰਾਇਟ ਵਾਲੀ ਰਚਨਾ ਦੀ ਨਿੱਜੀ ਰੂਪ ਵਿਚ ਵਰਤੋਂ ਜਾਂ ਖੋਜ ਕਾਰਜਾਂ ਵਿਚ ਉਪਯੋਗ ਦੀ ਆਗਿਆ ਕਾਪੀਰਾਇਟ ਨਿਯਮ ਵਿਚ ਹੈ।

### 2.5.8.5. ਸੁਰੱਖਿਆ ਦਾ ਕਾਲ (Duration of Protection)

ਬਰਨੀ ਕਨਵੇਨਸਨ (Berne Convention) ਅਨੁਸਾਰ ਸੁਰੱਖਿਆ ਦਾ ਕਾਲ ਲੇਖਕ ਦਾ ਪੂਰਾ ਜੀਵਨ ਅਤੇ ਮੌਤ ਤੋਂ 50 ਸਾਲ ਬਾਅਦ ਤੱਕ ਦਾ ਹੈ।

### 2.5.8.6. ਕਾਪੀਰਾਇਟ ਅਤੇ ਡਿਜੀਟਲ ਡਾਟਾ (Copyright and digital Data)

ਕਾਪੀਰਾਇਟ ਦਾ ਮੰਤਵ ਵਿਗਿਆਨ ਅਤੇ ਲਾਭਦਾਇਕ ਕਲਾ ਨੂੰ ਵਧਾਉਣਾ ਹੈ, ਅਤੇ ਲੇਖਕ ਨੂੰ ਉਸਦੀ ਰਚਨਾ ਦੀ ਦੂਜਿਆਂ ਵਲੋਂ ਨਕਲ ਤੋਂ ਸੁਰੱਖਿਆ ਪ੍ਰਦਾਨ ਕਰਨੀ ਹੈ। ਕਾਪੀਰਾਇਟ ਕਰਕੇ ਪਹਿਲੀ ਤਕਨੀਕਾਂ, ਜਿਵੇਂ ਫੋਟੋ ਗ੍ਰਾਫੀ, ਧੁਨੀ ਰਿਕਾਰਡਿੰਗ ਅਤੇ ਪ੍ਰਸਾਰ (Broad casting) ਆਦਿ ਸੁਰੱਖਿਅਤ ਹੁੰਦੇ ਹਨ। ਇਨ੍ਹਾਂ ਤਕਨੋਲੋਜੀਆਂ ਨੇ ਕਾਪੀਰਾਇਟ ਨਿਯਮਾਂ ਲਈ ਚੁਨੌਤੀਆਂ ਤਾਂ ਖੜੀਆਂ ਕੀਤੀਆਂ, ਪਰ ਇਸ ਦੀ ਮੂਲ ਧਾਰਣਾ ਦਾ ਕਦੇ ਵੀ ਵਿਰੋਧ ਨਹੀਂ ਕੀਤਾ। ਪਰ ਹੁਣ ਡਿਜੀਟਲ ਅਤੇ ਨੇਟਵਰਕ ਤਕਨੋਲੋਜੀ ਵਾਤਾਵਰਣ ਇਸ ਨਿਯਮ ਲਈ ਕਈ ਸਮੱਸਿਆਵਾਂ ਪੈਦਾ ਕਰ ਰਿਹਾ ਹੈ।

### 2.5.8.6.1. ਸਮੱਸਿਆਵਾਂ ਦੇ ਕਾਰਣ (Reasons for Problems)

ਪਾਮੇਲਾ (Pamela) ਦੁਆਰਾ ਸਮੱਸਿਆਵਾਂ ਦੇ ਹੇਠ ਲਿਖੇ ਕਾਰਣ ਪਹਿਚਾਣੇ ਗਏ :

**(i)** **ਡਿਜੀਟਲ ਸਵਰੂਪ ਵਿਚ ਰਚਨਾਵਾਂ ਦੀ ਇਕੋਸਾਰਤਾ :** ਕਾਪੀਰਾਇਟ ਕਾਨੂੰਨ ਦੇ ਅੰਦਰ ਆਉਣ ਵਾਲੇ ਡਿਜੀਟਲ ਸਵਰੂਪਾਂ ਵਿਚ ਚਿੱਤਰ, ਧੁਨੀ, ਪਾਠ, ਸੰਗੀਤ ਜਾਂ ਚਲ ਚਿੱਤਰ ਹੁੰਦੇ ਹਨ। ਇਹ ਸਾਰੇ ਪਰਿਭਾਸ਼ਾ ਦੇ ਆਧਾਰ ਤੇ "ਸਾਹਿਤਿਕ ਰਚਨਾਵਾਂ" (Literary Work)" ਦੇ ਘੇਰੇ ਵਿਚ ਆਉਂਦੇ ਹਨ।

**(ii)** **ਡਿਜੀਟਲ ਸਵਰੂਪ ਦੀ ਲਚਕ :** ਡਿਜੀਟਲ ਸਵਰੂਪ ਦੀ ਰਚਨਾਵਾਂ ਨੂੰ ਬੜੀ ਆਸਾਨੀ ਨਾਲ ਇਕ ਸਵਰੂਪ ਤੋਂ ਦੂਜੇ ਸਵਰੂਪ ਵਿਚ ਬਦਲਿਆ ਜਾ ਸਕਦਾ ਹੈ। ਰਚਨਾ ਦੇ ਮੂਲ ਲੱਛਣਾਂ ਵਿਚ ਬਦਲਾਉ ਲਿਆਏ ਬਿਨ੍ਹਾਂ ਇਨ੍ਹਾਂ ਵਿਚ ਬਾਹਰੀ ਬਦਲਾਉ ਕੀਤੇ ਜਾ ਸਕਦੇ ਹਨ। ਉਚਿਤ ਸਾਧਨਾਂ ਨਾਲ, ਫੋਟੋਗ੍ਰਾਫਾਂ, ਪਾਠਾਂ ਜਾਂ ਕਿਸੇ ਵੀ ਪ੍ਰਕਾਰ ਦੀ ਡਿਜਿਟਲ ਰਚਨਾ ਦਾ ਸੰਪਾਦਨ ਕੀਤਾ ਜਾ ਸਕਦਾ ਹੈ ਅਤੇ ਇਸ ਦਾ ਪਤਾ ਵੀ ਨਹੀਂ ਚਲਦਾ ਕਿ ਰਚਨਾਂ ਵਿਚ ਤਬਦੀਲੀ ਕੀਤੀ ਗਈ ਹੈ।

**(iii)** **ਡਿਜੀਟਲ ਸਵਰੂਪ ਦੀ ਸਵੈ-ਉਤਪਾਦਨ :** ਡਿਜੀਟਲ ਮਾਧਿਅਮ ਵਿਚ ਲੇਖਕ ਦੀ ਹੋਂਦ ਤੋਂ ਬਗੈਰ ਹੀ ਨਵੀਆਂ ਰਚਨਾਵਾਂ ਬਣਾਈਆਂ ਜਾ ਸਕਦੀਆਂ ਹਨ।

**(iv)** **ਡਿਜੀਟਲ ਸਵਰੂਪਾਂ ਦੀ ਕਾਪੀ (Duplication) ਲਈ ਟੈਕਨੋਲੋਜੀ ਸਾਧਨ :** ਡਿਜੀਟਲ ਤਕਨਾਲੋਜੀ ਦੀ ਵਰਤੋਂ ਨਾਲ ਕਾਪੀ ਰਾਈਟ ਲਈ ਸਭ ਤੋਂ ਵੱਡੀ ਸਮੱਸਿਆ, ਇਕ ਕਾਪੀ ਤੋਂ ਬਹੁਤ ਸਾਰੀਆਂ ਕਾਪੀਆਂ ਘੱਟ ਲਾਗਤ ਅਤੇ ਘੱਟ ਸਮੇਂ ਵਿਚ ਬਣਾਉਣ ਦੀ ਸੁਵਿਧਾ ਹੈ। ਇਹ ਸੁਵਿਧਾ ਇਨ੍ਹਾਂ ਦੀ ਵੰਡ ਵਿਚ ਵੀ (ਨੇਟਵਰਕ ਦੁਆਰਾ) ਉਪਲੱਬਧ ਹੈ।

### ਡਾਟਾ ਸੁਰੱਖਿਆ ਅਤੇ ਉਚਿਤ ਵਰਤੋਂ (Data Security and Fair use)

ਡਾਟਾ ਨੂੰ ਡਿਜੀਟਲ ਰੂਪ ਵਿਚ ਤਬਦੀਲ ਕਰਨ ਸੰਬੰਧੀ ਨਵੀਆਂ ਤਕਨੀਕਾਂ ਦੇ ਵਧ ਰਹੇ ਇਸਤੇਮਾਲ ਕਾਰਣ ਲਾਇਬ੍ਰੇਰੀਆਂ ਅਤੇ ਸਿੱਖਿਅਤ ਸ਼ਾਸਤਰੀ ਇਸ ਦੁਵਿਧਾ ਵਿਚ ਹਨ, ਕਿ ਸੂਚਨਾ ਸਮੱਗਰੀ ਨੂੰ ਡਿਜੀਟਲ ਰੂਪ ਵਿਚ ਰੱਖਣਾ ਜਾਂ ਉਸਦੀ ਵੰਡ ਕਰਨੀ, ਕਾਪੀ ਰਾਈਟ ਦੇ ਕਾਨੂੰਨ ਅਧੀਨ ਜਾਇਜ਼ ਹੈ ਜਾਂ ਨਹੀਂ।

ਬਹੁਤ ਸਾਰੇ ਕਾਨੂੰਨੀ ਮਾਹਿਰਾਂ ਨੇ ਇਸ ਤੱਥ ਨੂੰ ਵਿਚਾਰਿਆ ਹੈ ਕਿ ਇਹ ਜ਼ਿਆਦਾਤਰ ਦਾ ਮੰਨਣਾ ਹੈ ਕਿ ਇਹ ਕਾਨੂੰਨੀ ਨਹੀਂ ਹੁੰਦਾ। 1994 ਵਿਚ Association of American Publishers ਨੇ ਇਕ ਰਿਪੋਰਟ ਜਾਰੀ ਕੀਤੀ ਜਿਸ ਵਿਚ ਕਿਹਾ ਸੀ ਕਿ ਪ੍ਰਕਾਸ਼ਨਾਂ ਨੂੰ ਪੂਰਵ ਆਗਿਆ ਬਿਨਾਂ ਡਿਜੀਟਲ ਰੂਪ ਵਿਚ ਬਦਲਣਾ ਕਾਨੂੰਨੀ ਨਹੀਂ ਹੈ।

ਡਾਟਾਬੇਸ ਵਿਚ ਡਿਜੀਟਲ ਡਾਟੇ ਦੀ ਵੱਧਦੀ ਮਿਕਦਾਰ (Volume) ਅਤੇ ਨੈਟਵਰਕਾਂ ਉੱਪਰ ਉਪਲਬਧ ਸਮੱਗਰੀ ਜਿਹੜੀ ਕਿ ਆਸਾਨੀ ਨਾਲ ਪ੍ਰਾਪਤ ਅਤੇ ਦੁਰਵਰਤੋਂ ਕੀਤੀ ਜਾ ਸਕਦੀ ਹੈ ; ਲਈ ਖਾਸ ਕਿਸਮ ਦੀਆ ਹਦਾਇਤਾਂ ਅਤੇ ਕਦਮ ਚੁੱਕਣੇ ਜ਼ਰੂਰੀ ਹਨ ਤਾਂ ਜੋ ਵਿਸ਼ੇਸ਼ ਮਹੱਤਵ ਪੂਰਣ (Senstive) ਡਾਟੇ ਨੂੰ ਗਲਤ ਇਸਤੇਮਾਲ ਤੋਂ ਬਚਾਇਆ ਜਾ ਸਕੇ, ਇਹ ਗੱਲ ਨੀਲਮੇਘਨ ਨੇ ਕਹੀ ਹੈ ਕਿ ਵਿਅਕਤੀਗਤ ਅਤੇ ਵਪਾਰਿਕ ਡਾਟਾ ਜਿਹੜਾ ਆਧਿਕਾਰੀਆਂ ਨੂੰ ਉਚਿਤ ਉਦੇਸ਼ਾਂ ਲਈ ਸਪਲਾਈ ਕੀਤਾ ਜਾਂਦਾ ਹੈ, ਉਸ ਦਾ ਕਿਸੇ ਵੀ ਹਾਲਤ ਵਿਚ ਗਲਤ ਇਸਤੇਮਾਲ ਨਹੀਂ ਹੋਣਾ ਚਾਹੀਦਾ।

ਡਾਟਾ ਦਾ ਇਸਤੇਮਾਲ ਕਰਨ ਵਾਲਿਆਂ ਨੂੰ ਇਹ ਗੱਲ ਅਪਣਾਉਣੀ ਤੇ ਸਮਝਣੀ ਚਾਹੀਦੀ ਹੈ ਕਿ ਉਹ ਕਾਪੀ ਰਾਈਟ ਕਾਨੂੰਨ ਸੰਬੰਧੀ ਫੈਸਲਿਆਂ ਨੂੰ ਧਿਆਨ ਵਿਚ ਰੱਖਣ। ਲਾਇਬ੍ਰੇਰੀਆਂ ਮੁੱਢਲੇ ਹੱਥ ਲਿਖਤਾਂ ਦੀ ਮਾਇਕਰੋਫਿਲਮਾਂ ਜਾਂ ਬਿਜਲੀ ਪ੍ਰਕਿਰਿਆ ਦੁਆਰਾ ਫੋਟੋ ਕਾਪੀਆਂ ਕਰ ਸਕਦੀਆਂ ਹਨ, ਪ੍ਰੰਤੂ ਉਹ ਉਸ ਨੂੰ ਸੂਚਨਾ ਪ੍ਰਣਾਲੀ ਵਿਚ ਸਟੋਰ ਕਰਕੇ ਰੱਖਣ ਲਈ ਮਸ਼ੀਨ ਨਾਲ ਪੜ੍ਹੀ ਜਾਣ ਵਾਲੀ ਭਾਸ਼ਾ ਵਿਚ (Machine Readable Language) ਤਬਦੀਲ ਨਹੀਂ ਕਰ ਸਕਦੀਆਂ।

### 2.5.9.1. ਨੈਤਿਕ ਪੱਖ (Ethical Aspects)

ਬਹੁਤ ਸਾਰੀਆਂ ਲਾਇਬ੍ਰੇਰੀਆਂ ਅਤੇ ਵਪਾਰਿਕ ਸੂਚਨਾ ਸੰਸਥਾਵਾਂ ਦੇ ਆਪਣੇ ਆਪਣੇ ਨੈਤਿਕ ਨਿਯਮ ਵਿਕਸਿਤ ਕੀਤੇ ਹਨ। ਪੇਸ਼ੇਕਾਰ ਇਨ੍ਹਾਂ ਕੋਡਾਂ ਦਾ ਇਸਤੇਮਾਲ ਕਰ ਸਕਦੇ ਹਨ। ਵੱਡੇ ਪੱਧਰ ਤੇ ਇਨ੍ਹਾਂ ਸੰਸਥਾਵਾਂ ਦੇ ਮੈਂਬਰਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ :

(i) ਉਹ ਆਪਣੇ ਗਾਹਕ ਨੂੰ ਸਭ ਤੋਂ ਨਵੀਂ ਅਤੇ ਸੰਭਵ ਜਾਣਕਾਰੀ ਦੇਣ।

(ii) ਆਪਣੇ ਗਾਹਕ ਦੀ ਸੂਚਨਾ ਸ੍ਰੋਤਾਂ ਨੂੰ ਸਮਝਣ ਵਿਚ ਮੱਦਦ ਕਰਨ ਅਤੇ ਉਨ੍ਹਾਂ ਦੀ ਲੋੜ ਮੁਤਾਬਿਕ ਭਰੋਸੇਯੋਗਤਾ ਦਾ ਦਰਜਾ ਬਣਾਈ ਰੱਖਣ।

ਨਾਲ ਨਾਲ ਆਨਲਾਇਨ ਡਾਟਾ (Online Searchers) ਨੂੰ ਡਾਟੇ ਦੀ ਸੁਰੱਖਿਆ ਸੰਬੰਧੀ ਹਦਾਇਤਾਂ ਅਤੇ ਨੈਤਿਕ ਆਚਰਣ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ, ਤਾਂ ਜੋ ਡਾਟਾ ਸੁਰੱਖਿਆ ਬਣਾਈ ਰੱਖੀ ਜਾ ਸਕੇ।

### 2.5.10. ਉਚਿਤ ਵਰਤੋਂ (Fair use)

"ਉੱਚਿਤ ਵਰਤੋਂ" (Fair use) ਸ਼ਬਦ ਅਮਰੀਕਾ ਵਿਚ ਵਰਤਿਆ ਜਾਂਦਾ ਹੈ, ਜਦ ਕਿ ਇਹ UK ਵਿਚ "Fair dealing" ਨਾਂ ਅਧੀਨ ਇਸਤੇਮਾਲ ਹੁੰਦਾ ਹੈ। ਉੱਚਿਤ ਵਰਤੋਂ ਲੇਖਕ ਦੀ ਆਗਿਆ ਲਏ ਬਿਨਾਂ Copyright Law ਅਧੀਨ ਕਿਸੇ ਪ੍ਰਕਾਸ਼ਨ ਦੀਆਂ ਸੀਮਤ ਕਾਪੀਆਂ ਦੀ ਨਕਲ ਕਰਨ ਅਤੇ ਵੰਡਣ ਦੀ ਆਗਿਆ ਦਿੰਦਾ ਹੈ।

### 2.5.10.1. ਉਚਿਤ ਵਰਤੋਂ ਦੀਆਂ ਉਦਾਹਰਣਾਂ

- ਪੜਚੋਲ (Review) ਜਾਂ ਆਲੋਚਨਾਤਮਕ ਅਧਿਐਨ ਵਿਚ ਮਾਹਿਰਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਂਵਾਂ ਜਾਂ ਅਖਾਣ ;
- ਕਿਸੇ ਪਾਠ ਨੂੰ ਉਦਾਹਰਣ ਸਾਹਿਤ ਪੇਸ਼ ਕਰਨਾ ਜਾਂ ਕਰਨ ਲਈ, ਕਿਸੇ ਪ੍ਰਕਾਸ਼ਨ ਦੇ ਛੋਟੇ ਛੋਟੇ ਭਾਗਾਂ ਦੀਆਂ ਵਿਦਿਆਰਥੀਆਂ ਜਾਂ ਅਧਿਆਪਕਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਨਕਲਾਂ ;
- ਇੰਟਰਨੈਟ ਦੇ ਵੱਧ ਰਹੇ ਇਸਤੇਮਾਲ ਕਰਕੇ fair use ਸੰਬੰਧੀ ਕਈ ਨਵੇਂ ਮੁੱਦੇ ਉਭਰ ਕੇ ਸਾਹਮਣੇ ਆਏ ਹਨ। ਹੁਣ ਇਹ ਵੀ ਵਿਚਾਰਿਆ ਜਾ ਰਿਹਾ ਹੈ ਕਿ Fair use ਦੀਆਂ ਹਦਾਇਤਾਂ ਦੇ ਅਧੀਨ ਉਚਿਤ ਇਸਤੇਮਾਲ ਕਰਨ ਵਾਲੇ ਜਾਂ ਇੰਟਰਨੈਟ ਉੱਪਰ ਕਾਪੀਰਾਇਟ ਅਧੀਨ ਲਿਆਂਦੀ ਸਮੱਗਰੀ ਦੀ ਵਰਤੋਂ ਨੂੰ, ਉਚਿਤ ਵਰਤੋਂ ਹੇਠ ਲਿਆਇਆ ਜਾਵੇ ਕਿ ਨਹੀਂ।

### 2.5.10.2. ਅਧਿਆਪਕਾਂ, ਖੋਜਕਾਰਾਂ ਅਤੇ ਲਾਇਬ੍ਰੇਰੀਅਨਾਂ ਲਈ ਵਿਵਸਥਾ

ਅਮਰੀਕਾ ਦੇ ਸੰਦਰਭ ਵਿਚ ਕਾਪੀ ਰਾਈਟ ਕਾਨੂੰਨ ਦੀਆਂ ਅਧਿਆਪਕਾਂ, ਖੋਜਕਾਰਾਂ, ਲਾਇਬ੍ਰੇਰੀਆਂ ਲਈ ਦੋ ਹਦਾਇਤਾਂ ਬਹੁਤ ਮਹੱਤਵਪੂਰਣ ਹਨ :

(i) ਉਚਿਤ ਵਰਤੋਂ ਵਿਵਸਥਾ ਨਿਯਮ ਅਧੀਨ ਖੋਜ ਅਤੇ ਅਧਿਆਪਨ ਨਾਲ ਸੰਬੰਧਿਤ ਉਦੇਸ਼ਾਂ ਲਈ ਕਾਪੀ

ਰਾਈਟ ਅਧੀਨ ਪੈਂਦੇ ਕੰਮਾਂ ਵਿਚੋਂ ਕੁਝ ਸੀਮਤ ਉਤਾਰੇ ਜਾਂ ਨਕਲਾਂ ਬਿਨਾਂ ਲੇਖਕ ਜਾਂ ਪ੍ਰਕਾਸ਼ਕ ਦੀ ਆਗਿਆ ਤੋਂ ਕੀਤੀਆਂ ਜਾ ਸਕਦੀਆਂ ਹਨ।

(ii) ਉਹ ਵਿਵਸਥਾਵਾਂ ਜਿਹੜੀਆਂ ਲਾਇਬ੍ਰੇਰੀਆਂ ਨੂੰ ਕਾਪੀ ਰਾਇਟ ਅਧੀਨ ਪੈਂਦੇ ਕੰਮਾਂ ਦੀ ਕੁਝ ਕੁ ਸੀਮਾਵਾਂ ਤਕ ਛੋਟਾਂ ਦਿੰਦੀਆਂ ਹਨ।

**2.5.10.3. ਤੱਤ (Factors)**

ਕਾਪੀਰਾਇਟ ਆਈ ਸਮੱਗਰੀ ਦੀ ਵਰਤੋਂ, ਉਚਿਤ ਵਰਤੋਂ ਹੈ ਜਾਂ ਨਹੀਂ, ਇਹ ਜਾਣਨ ਲਈ ਹੇਠ ਲਿਖੇ ਚਾਰ ਤੱਤਾਂ ਤੇ ਵਿਚਾਰ ਕਰਨਾ ਜ਼ਰੂਰੀ ਹੈ :

**(i)** **ਵਰਤੋਂ ਦਾ ਉਦੇਸ਼ (Purpose of use) :** ਸਮੱਗਰੀ ਦੀ ਵਰਤੋਂ ਦਾ ਉਦੇਸ਼ ਹੈ ਕਿ ਉਹ ਵਪਾਰਕ ਜਾਂ ਲਾਭ ਕਮਾਉਣ ਵਾਲਾ ਹੈ, ਜਾਂ ਬਿਨਾਂ ਲਾਭ ਸਿੱਖਿਆ ਉਦੇਸ਼ਾਂ ਦੀ ਪੂਰਤੀ ਲਈ ਹੈ। ਕਾਪੀ ਰਾਇਟ ਨਿਯਮਾਂ ਵਿਚ ਇਨ੍ਹਾਂ ਦਾ ਅੰਤਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ ;

**(ii)** **ਕਿਸਮ (Nature) :** ਕਾਪੀਰਾਇਟ ਨਿਯਮ ਦੇ ਅਧੀਨ ਰਚਨਾ ਦੀ ਕਿਸਮ ਦੀ ਜਾਂਚ ਕੀਤੀ ਜਾਵੇ, ਕਿ ਉਹ ਇਕ ਪੁਸਤਕ, ਛੋਟੀ ਕਿਤਾਬੜੀ, ਰਿਪੋਰਟ ਸਟੈਂਡਰਡ, ਪੈਂਫਲੇਟ, ਛੋਟੀ ਕਹਾਣੀਆਂ ਕਵਿਤਾਵਾਂ ਹਨ। ਇਨ੍ਹਾਂ ਦਾ 10% ਛੋਟ ਦੇ ਅਧੀਨ ਹੈ ;

**(iii)** **ਵਰਤੋਂ ਦੀ ਮਿਕਦਾਰ (Amount of use) :** ਕਿਸੇ ਕਾਪੀਰਾਇਟ ਰਚਨਾ ਦੇ ਹਿੱਸੇ ਦੀ ਵਰਤੋਂ ਦੀ ਮਹੱਤਤਾ ਦਾ ਪੂਰੀ ਰਚਨਾ ਨਾਲ ਜੋੜ ਕੇ ਅਨੁਮਾਨ ਲਾਉਣਾ ਕਿ ਇਹ ਉਚਿਤ ਹੈ ਜਾਂ ਨਹੀਂ, ਅਤੇ

**(iv)** **ਵਰਤੋਂ ਦਾ ਪ੍ਰਭਾਵ (Effect of use) :** ਕਿਸੇ ਕਾਪੀਰਾਇਟ ਅਧੀਨ ਰਚਨਾ ਦੀ ਕਾਪੀ ਦਾ ਸੰਭਾਵੀ ਬਜਾਰ ਜਾਂ ਰਚਨਾ ਦੀ ਮਹੱਤਤਾ ਤੇ ਪੈਣ ਵਾਲਾ ਪ੍ਰਭਾਵ।

**2.5.10.4. ਉਚ ਸਿੱਖਿਆ ਅਤੇ ਉਚਿਤ ਵਰਤੋਂ** (Higher Education and Fair use)

ਹੁਣ ਸਮਾਂ ਆਂ ਗਿਆ ਹੈ ਕਿ ਉੱਚ ਸਿੱਖਿਆ ਸੰਸਥਾਨ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰ ਆਪਣੀ ਇਕ ਸਾਂਝੀ ਆਵਾਜ਼ ਕਾਪੀਰਾਇਟ ਅਧੀਨ ਰਚਨਾ ਦੀ ਉਚਿਤ ਵਰਤੋਂ ਪ੍ਰਤੀ ਉਠਾਉਣ। ਇਹ ਹੇਠ ਲਿਖੇ ਹਨ :

(i) ਕਾਪੀਰਾਇਟ ਸਮੱਗਰੀ ਦੀ ਵਰਤੋਂ ਕਰਨ ਦੀ ਉੱਚ ਸਿੱਖਿਆ ਦੇ ਕਾਨੂੰਨੀ ਹੱਕ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ ;

(ii) ਸਿਰਜਨਾਤਮਕ ਸਿਖਲਾਈ ਲਈ ਸੂਚਨਾ ਦੇ ਭੌਤਿਕ ਸਵਰੂਪ ਨੂੰ ਵਿਚਾਰਿਆਂ ਬਿਨ੍ਹਾਂ ਉਸ ਤੱਕ ਪਹੁੰਚ ਦੀ ਆਜ਼ਾਦੀ ਜ਼ਰੂਰੀ ਹੈ ;

(iii) ਬਿਨਾਂ ਕਿਸੇ ਲਾਇਸੈਂਸ ਜਾਂ ਫੀਸ ਦੇ ਉੱਚ ਸਿੱਖਿਆ ਦੀ ਉੱਚਿਤ ਵਰਤੋਂ ਦਾ ਹੱਕ ਬਿਜਲਾਣੂ ਵਾਤਾਵਰਣ ਵਿਚ ਜਾਰੀ ਰਹਿਣਾ ਚਾਹੀਦਾ ਹੈ ;

(iv) ਉੱਚ ਸਿੱਖਿਆ ਦਾ ਇਹ ਫਰਜ ਬਣਦਾ ਹੈ, ਕਿ ਉਹ ਆਪਣੇ ਖੇਤਰ ਵਿਚ ਬੌਧਿਕ ਸੰਪੱਤੀ ਅਤੇ ਉਸ ਦੀ ਕਾਨੂੰਨੀ ਮਹੱਤਤਾ ਅਤੇ ਵਰਤੋਂ ਬਾਰੇ ਜਾਗਰੁਕਤਾ ਫੈਲਾਵੇ।

**2.5.11. ਸੂਚਨਾ ਦਾ ਅਧਿਕਾਰ**

**2.5.11.1. ਸਰਕਾਰ ਦੀ ਭੂਮਿਕਾ**

ਲੋਕ ਰਾਜ ਵਿਚ ਸੂਚਨਾ ਪ੍ਰਤੀ ਪਹੁੰਚ ਦੀ ਸੁਵਿਧਾਵਾਂ ਦੀ ਬਰਾਬਰੀ ਇਕ ਜ਼ਰੂਰੀ ਤੱਤ ਹੈ। ਲੋਕ ਰਾਜੀ ਢਾਂਚੇ ਵਿਚ ਆਪਣੇ ਸਾਰੇ ਨਾਗਰਿਕਾਂ ਨੂੰ ਸੂਚਨਾ ਤੱਕ ਪਹੁੰਚ ਜਾਂ ਬਰਾਬਰੀ ਦਾ ਅਧਿਕਾਰ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਅੱਜ ਗਿਆਨ/ਸੂਚਨਾ ਨੂੰ ਇਕ ਸ਼ਕਤੀ (power) ਮੰਨ ਲਿਆ ਗਿਆ ਹੈ। ਇਸ ਲਈ ਸੂਚਨਾ ਤੱਕ ਪਹੁੰਚ ਦਾ ਮਹੱਤਵ ਹੋਰ ਵੀ ਵਧ ਗਿਆ ਹੈ।

**2.5.11.2 ਸੂਚਨਾ ਤੱਕ ਪਹੁੰਚ ਦੀ ਖੁੱਲ**

ਆਜ਼ਾਦੀ ਜਾਂ ਖੁਲ੍ਹ ਨਾਲ ਸੁਵਿਧਾਵਾਂ ਵਿਚ ਬਰਾਬਰੀ ਦਾ ਹੱਕ ਮਿਲਦਾ ਹੈ। ਇਸ ਨਾਲ "ਸੂਚਨਾ ਅਮੀਰ" ਅਤੇ "ਸੂਚਨਾ ਗਰੀਬ" ਦੇ ਵਿਚ ਪਾੜਾ ਸਮਾਪਤ ਹੁੰਦਾ ਹੈ, ਕਿਉਂਕਿ ਇਨ੍ਹਾਂ ਵਿਚ ਪਾੜੇ ਦਾ ਵਿਕਾਸ ਕੇਵਲ ਅੰਤਰਰਾਸ਼ਟਰੀ ਪੱਧਰ ਦੀ ਹੀ ਨਹੀਂ, ਬਲਕਿ ਰਾਸ਼ਟਰੀ ਪੱਧਰ ਦੀ ਵੀ ਸਮੱਸਿਆ ਹੈ। ਜਿੱਥੇ ਸੂਚਨਾ ਅਤੇ ਤਕਨੋਲੋਜੀ ਦੀ ਵਰਤੋਂ ਵੱਧ ਕੀਤੀ ਜਾਂਦੀ ਹੈ, ਉੱਥੇ

ਇਹ ਪਾੜਾ ਜ਼ਿਆਦਾ ਅਸਰਦਾਰ ਹੁੰਦਾ ਹੈ।

**2.5.11.3. ਸੂਚਨਾ ਦੀ ਸੁਤੰਤਰਤਾ (Freedom of Information)**

ਸੂਚਨਾ ਤੱਕ ਦੀ ਪਹੁੰਚ ਦੀ ਆਜ਼ਾਦੀ ਜ਼ਰੂਰੀ ਹੈ, ਪਰ ਇਸ ਦਾ ਮਹੱਤਵ ਘੱਟ ਜਾਂਦਾ ਹੈ ਜੇਕਰ ਇਸ ਵਿਚ ਸੂਚਨਾ ਵਰਤਨ ਦੀ ਆਜ਼ਾਦੀ ਨਾ ਹੋਵੇ ਅਤੇ ਪਹੁੰਚ ਵਾਲੀ ਸੂਚਨਾ ਦੀ ਵਰਤੋਂ ਵਿਚ ਅੜਚਨ ਹੋਵੇ। ਭਾਰਤ ਸਮੇਤ ਕਈ ਦੇਸ਼ਾਂ ਵਿਚ ਸੂਚਨਾ ਦੀ ਸੁਤੰਤਰਤਾ ਇਕ ਮੁੱਢਲਾ ਅਧਿਕਾਰ ਮੰਨਿਆ ਜਾਂਦਾ ਹੈ। ਇਸ ਲਈ ਸੂਚਨਾ ਸਿਰਜਨਾ ਪ੍ਰਕਾਸ਼ਨ, ਪ੍ਰਸਾਰ, ਵੰਡ, ਭੰਡਾਰ, ਅਤੇ ਪੁਨਰ-ਪ੍ਰਾਪਤੀ ਲਈ ਸਰਕਾਰ ਦੀ ਨੀਤੀਆਂ, ਨਿਯਮਾਂ ਅਤੇ ਕਾਨੂੰਨਾਂ ਵਿਚ ਪੂਰੀ ਖੁਲ੍ਹ ਹੋਣੀ ਚਾਹੀਦੀ ਹੈ, ਪਰ ਸੂਚਨਾ ਦੀ ਉਤਮੱਤਾ, ਬਾਲਕਾਂ ਦੀ ਸੁਰੱਖਿਆ, ਰਾਸ਼ਟਰੀ ਸੁਰੱਖਿਆ ਅਤੇ ਨਿੱਜੀ (ਸੰਗਠਨਾਤਮਕ) ਭੇਦ ਲਈ ਇਸ ਪਹੁੰਚ ਤੇ ਕੁਝ ਪਾਬੰਦੀਆਂ ਵੀ ਲਗਾਉਣਾ ਉਨਾਂ ਹੀ ਜ਼ਰੂਰੀ ਹੈ।

**2.5.11.4. ਨਵੀਂ ਤਕਨੋਲੋਜੀ ਦਾ ਪ੍ਰਭਾਵ (Impact of New Technology)**

ਇਹ ਦੋ ਤਰ੍ਹਾਂ ਦੀ ਸੁਵਿਧਾਵਾਂ ਪ੍ਰਦਾਨ ਕਰਦੀ ਹੈ :

(i) ਸਮਰੱਥ (Potential) ਵਰਤੋਂਕਾਰ ਨੂੰ ਜਲਦੀ ਅਤੇ ਆਸਾਨੀ ਨਾਲ ਸੂਚਨਾ ਤਕ ਪਹੁੰਚ ਪ੍ਰਦਾਨ ਕਰਦੀ ਹੈ।

(ii) ਚੋਣ, ਸੰਯੋਜਨ ਅਤੇ ਡਾਟਾ ਦੀ ਵਿਵਸਥਾ ਦੀਆਂ ਸੁਵਿਧਾਵਾਂ ਪ੍ਰਦਾਨ ਕਰਕੇ, ਵਰਤੋਂਕਾਰ ਨੂੰ ਸੂਚਨਾ ਦੀ ਵਰਤੋਂ ਕਰਨ ਦੀ ਸੁਵਿਧਾ ਦੇਣ ਅਤੇ ਸੂਚਨਾ ਕ੍ਰਿਆਸ਼ੀਲਤਾ ਨਾਲ ਨਵੀਂ ਸੂਚਨਾ/ਗਿਆਨ ਦੇ ਨਿਰਮਾਣ ਵਿਚ ਸਹਾਇਕ ਹੈ।

**2.5.11.5. ਸੂਚਨਾ ਅਧਿਕਾਰ ਅਧਿਨਿਯਮ (ਭਾਰਤ)**

ਭਾਰਤ ਵਿਚ ਮਈ 24, 1997 ਨੂੰ ਦਿੱਲੀ ਵਿਚ ਹੋਈ ਮੁੱਖ ਮੰਤਰੀਆਂ ਦੀ ਕਾਨਫਰੰਸ ਵਿਚ ਸੂਚਨਾ ਦੇ ਅਧਿਕਾਰ ਤੇ ਇਕ ਵਿਧਾਨ ਬਣਾਉਣ ਦੀ ਜ਼ਰੂਰਤ ਨੂੰ ਮਹਿਸੂਸ ਕੀਤਾ ਗਿਆ। ਦੇਸ਼ ਦੀ ਜਨਤਾ ਦੇ ਪ੍ਰਤਿ ਸਰਕਾਰਾਂ ਨੂੰ ਪਾਰਦਰਸ਼ੀ ਬਣਾਉਣ ਲਈ ਭਾਰਤ ਸਰਕਾਰ ਨੇ, ਇਕ ਸੂਚਨਾ ਅਧਿਕਾਰ ਤੇ ਕਾਰਜਕਾਰੀ ਸਮੂੰਹ ਦੀ ਸਥਾਪਨਾ ਸ੍ਰੀ ਐਚ. ਡੀ. ਸ਼ੋਰੀ ਦੀ ਪ੍ਰਧਾਨਤਾ ਹੇਠ ਕੀਤੀ। ਕਾਰਜਕਾਰੀ ਸਮੂੰਹ ਨੇ ਆਪਣੀ ਰਿਪੋਰਟ “Freedom of Information Bill” ਦੇ ਖਰੜੇ ਦੇ ਰੂਪ ਵਿਚ ਸਰਕਾਰ ਨੂੰ ਪੇਸ਼ ਕਰ ਦਿੱਤੀ।

15 ਜੂਨ, 2002 ਨੂੰ ਸਰਕਾਰ ਵਲੋਂ ਐਕਟ ਪਾਸ ਕਰ ਦਿੱਤਾ ਗਿਆ। ਇਸ ਵਿਚ ਹਰ ਇਕ ਨਾਗਰਿਕ ਨੂੰ ਅਧਿਕਾਰੀਆਂ ਤੋਂ ਕੋਈ ਵੀ ਸੂਚਨਾ ਜਿਹੜੀ ਆਮ ਜਨਤਾ ਦੇ ਹਿੱਤ ਦੀ ਹੋਵੇ ਤਕ ਪਹੁੰਚ ਪ੍ਰਾਪਤ ਕਰਨ ਦੀ ਆਜ਼ਾਦੀ ਪ੍ਰਦਾਨ ਕਰ ਦਿੱਤੀ ਗਈ। ਇਸ ਦੇ ਅਧੀਨ ਪ੍ਰਬੰਧਨ ਵਿਚ ਇਕ ਖੁਲ੍ਹਾਪਣ, ਪਾਰਦਰਸ਼ਿਤਾ ਅਤੇ ਜ਼ਿੰਮੇਵਾਰੀ ਵੱਧ ਗਈ।

**2.5.11.5.2. ਲਾਗੂਕਰਨ ਦੀ ਮਿਤੀ (Date of Information)**

ਇਹ ਐਕਟ 12 ਅਕਤੂਬਰ 2005 ਨੂੰ ਲਾਗੂ ਕਰ ਦਿੱਤਾ ਗਿਆ ਅਤੇ ਐਕਟ ਦੇ ਕੁੱਝ ਹਿੱਸਿਆਂ ਜਿਵੇਂ ਲੋਕ ਅਧਿਕਿਤਤਾ (Public Authority) ਦੀ ਜ਼ਿੰਮੇਵਾਰੀ ਤੇ ਤੁਰੰਤ ਅਮਲ ਕਰਨਾ ਸ਼ੁਰੂ ਕੀਤਾ ਗਿਆ।

**2.5.11.5.3. ਖੇਤਰ (Coverage)**

ਇਹ ਐਕਟ ਜੰਮੂ ਅਤੇ ਕਸ਼ਮੀਰ ਨੂੰ ਛੱਡ ਕ ਪੂਰੇ ਭਾਰਤ ਵਿਚੇ ਲਾਗੂ ਕੀਤਾ ਗਿਆ।

**2.5.11.5.4. ਵਿਸਤਾਰ (Scope)**

ਸੂਚਨਾ ਦੇ ਅਧਿਕਾਰ ਦਾ ਅਰਥ, ਹੇਠ ਲਿਖੇ ਹੱਕਾਂ ਤੋਂ ਹੈ :

(i) ਕਾਰਜ, ਪ੍ਰਲੇਖ ਅਤੇ ਰਿਕਾਰਡ ਵੇਖਣੇ ;

(ii) ਪ੍ਰਲੇਖਾਂ, ਰਿਕਾਰਡਾਂ ਦੀ ਪਰਮਾਣਿਤ ਕਾਪੀ ਜਾਂ ਨੋਟ, ਸਾਰ ਪ੍ਰਾਪਤ ਕਰਨਾ;

(iii) ਕਿਸੇ ਵਸਤੂ ਦਾ ਪ੍ਰਮਾਣਿਤ ਨਮੂਨਾਂ ਪ੍ਰਾਪਤ ਕਰਨਾ ; ਅਤੇ

(iv) ਛੱਪੇ, ਡਿਸਕ, ਫਲਾਪੀ, ਟੇਪ, ਵਿਡੀਉ, ਕੈਸੇਟ ਜਾਂ ਕਿਸੇ ਹੋਰ ਬਿਜਲਾਣੂ ਰੂਪ ਵਿਚ ਸੂਚਨਾ ਪ੍ਰਾਪਤ ਕਰਨਾ।

**2.5.12. ਸੈਂਸਰ-ਵਿਵਸਥਾ (Censorship)**

**2.5.12.1. ਅਰਥ (Meaning)**

ਵਰਤਮਾਨ ਸਮੇਂ ਵਿਚ ਮਾਰਥਾ ਬੋਜ(Martha Boaz)ਦੇ ਅਨੁਸਾਰ, "ਸੈਂਸਰ-ਵਿਵਸਥਾ ਸਰਕਾਰ, ਪ੍ਰਾਈਵੇਟ ਸੰਸਥਾ ਜਾਂ ਕਿਸੇ ਗਰੁੱਪ ਜਾਂ ਵਿਅਕਤੀ ਦੀ ਅਜਿਹੀ ਕੋਸ਼ਿਸ਼ ਹੈ ਜਿਸ ਵਿਚ ਲੋਕਾਂ ਨੂੰ ਅਜਿਹੀਆਂ ਚੀਜਾਂ ਪੜ੍ਹਨ, ਵੇਖਣ ਜਾਂ ਸੁਣਨ ਤੋਂ ਰੋਕਿਆ ਜਾ ਸਕੇ ਜੋ ਕਿ ਸਰਕਾਰ ਜਾਂ ਜਨਤਕ ਨੈਤਿਕਤਾ ਲਈ ਨੁਕਸਾਨਦਾਇਕ ਹਨ।

ਸੈਂਸਰ ਵਿਵਸਥਾ ਰਾਜਨੀਤਿਕ, ਧਾਰਮਿਕ, ਜਾਂ ਨੈਤਿਕਤਾ ਦੇ ਆਧਾਰ ਤੇ ਲਗਾਈ ਜਾ ਸਕਦੀ ਹੈ। ਅਜਿਹੀਆਂ ਚੀਜਾਂ ਤੇ ਲਾਈ ਜਾ ਸਕਦੀ ਹੈ, ਜਿਨ੍ਹਾਂ ਨੂੰ ਦੇਸ਼ ਧ੍ਰੋਹ, ਧਰਮ ਦੇ ਅਪਮਾਨ ਜਾਂ ਅਨੈਤਿਕਤਾ ਦਾ ਆਧਾਰ ਮੰਨਿਆ ਜਾਂਦਾ ਹੈ। Harrod's Librarian's Glossary ਅਨੁਸਾਰ censorship ਦਾ ਭਾਵ ਅਜਿਹੀ ਸਮਗਰੀ ਦੇ ਉਤਪਾਦਨ, ਵੰਡ, ਵੰਡ ਵਿਕਰੀ ਦੀ ਰੋਕ ਤੋਂ ਹੈ, ਜਿਸ ਉੱਤੇ ਰਾਜਨੀਤਿਕ ਧਾਰਮਿਕ, ਅਨੈਤਿਕਤਾ ਜਾਂ ਪ੍ਰਮਾਤਮਾ ਦੀ ਨਿੰਦਾ ਦੇ ਆਧਾਰ ਤੇ ਦੋਸ਼ ਲਗਾਏ ਜਾ ਸਕਦੇ ਹਨ। ਸੈਂਸਰ ਵਿਵਸਥਾ ਦਾ ਅਜਿਹਾ ਕਦਮ ਰਾਜ, ਧਾਰਮਿਕ ਸੰਸਥਾਵਾਂ, ਜਾਂ ਗੈਰ ਸਰਕਾਰੀ ਗਰੁੱਪਾਂ ਦੁਆਰਾ ਲਿਆ ਜਾਂਦਾ ਹੈ।

### 2.5.12.2. ਵਿਕਾਸ (Development)

ਇਤਿਹਾਸਿਕ ਤੌਰ ਤੇ ਧਰਮ ਸੈਂਸਰ ਸ਼ਿਪ ਦਾ ਪਹਿਲਾ ਨਿਸ਼ਾਨਾ ਸੀ, ਜਿਸ ਵਿਚ ਪ੍ਰਮਾਤਮਾ ਦੀ ਨਿੰਦਾ ਜਾਂ ਨਾਸਤਿਕਤਾ ਨੂੰ ਸਜ਼ਾ ਦਿੱਤੀ ਜਾਣ ਲੱਗੀ। ਧਰਮ ਤੋਂ ਬਾਅਦ ਰਾਜਨੀਤਿਕ ਵਿਚਾਰਾਂ ਤੇ ਲਗਾਮ ਕਸੀ ਗਈ, ਦੇਸ਼ ਪ੍ਰਤੀ ਗਦਾਰੀ ਤੇ ਸਜਾਵਾਂ ਦਿੱਤੀਆਂ ਜਾਣ ਲੱਗਿਆ। ਉਸ ਤੋਂ ਬਾਅਦ ਕਾਮ ਬਿਰਤੀ ਦਾ ਵਿਸ਼ਾ ਆਇਆ, ਜਿਸ ਵਿਚ ਨੰਗੇਜਪੁਣੇ ਦੇ ਆਧਾਰ ਤੇ ਸਜ਼ਾ ਦਿੱਤੀ ਜਾਣ ਲੱਗੀ। ਇਸ ਤਰੀਕੇ ਨਾਲ ਸੈਂਸਰ ਵਿਵਸਥਾ ਪੁਰਾਤਨ ਸਮੇਂ ਤੋਂ ਵਰਤਮਾਨ ਸਮੇਂ ਤੱਕ ਵੱਖ ਵੱਖ ਰੂਪਾਂ ਵਿਚ ਚਾਲੂ ਰਹੀ ਹੈ।

ਇਤਿਹਾਸ ਸੈਂਸਰ ਵਿਵਸਥਾ ਦੀਆਂ ਜਾਂ ਹੋਰ ਉਦਾਹਰਣਾਂ ਨਾਲ ਭਰਿਆ ਪਿਆ ਹੈ। ਅਸ਼ਲੀਲ ਸਾਹਿਤ ਤੇ ਪੜਤਾਲ ਕਰਕੇ ਤੇ ਅਜਿਹੀਆਂ ਕਿਤਾਬਾਂ ਨੂੰ ਜਬਤ ਕਰਕੇ ਖਤਮ ਕਰ ਦਿੱਤਾ ਜਾਂਦਾ ਸੀ।

### 2.5.12.3. ਸੈਂਸਰ-ਵਿਵਸਥਾ ਅਤੇ ਕਾਨੂੰਨ (Censorship and Law)

ਸਮੇਂ ਸਮੇਂ ਤੇ ਇਹ ਜਾਣਨ ਲਈ ਕਿ ਕੋਈ ਕੰਮ ਅਸ਼ਲੀਲ ਤਾਂ ਨਹੀਂ ਕਈ ਕਾਨੂੰਨੀ ਉਪਬੰਧ ਕੀਤੇ ਜਾਂਦੇ ਰਹੇ ਹਨ। ਕੁਝ ਨਿਯਮ ਸਮਾਜ ਵਿਚ ਆਲੋਚਨਾ ਦਾ ਸ਼ਿਕਾਰ ਹੋਵੇ, ਉਨ੍ਹਾਂ ਵਿਚ ਤਬਦੀਲੀਆਂ ਕੀਤੀਆਂ ਗਈਆਂ ਤੇ ਇਹ ਕਿਹਾ ਕਿਸੇ ਪੂਰੀ ਪੁਸਤਕ ਨੂੰ ਠੀਕ ਰੂਪ ਵਿਚ ਪੜ੍ਹਨਾ ਚਾਹੀਦਾ ਹੈ ਤੇ ਅਜਿਹੇ ਵਿਅਕਤੀ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ ਜਿਹੜੇ ਕਿ ਵਿਗਿਆਨ, ਕਲਾ ਸਾਹਿਤ ਆਦਿ ਵਿਸ਼ੇ ਵਿਚ ਵਿਆਪਕ ਰੂਪ ਵਿਚ ਸਿਰਜਨਾ ਬਿਨਾਂ ਕਿਸੇ ਗਲਤ ਭਾਵਨਾ ਤੋਂ ਕਰਦਾ ਹੈ। ਕਈ ਦੇਸ਼ਾਂ ਦੇ ਕਾਨੂੰਨ (Law) ਵਿਚ ਬੌਧਿਕ ਆਜ਼ਾਦੀ ਦਾ ਪੱਖ ਪੂਰਿਆ ਗਿਆ ਹੈ।

### 2.5.12.4. ਸੈਂਸਰ-ਵਿਵਸਥਾ ਅਤੇ ਨਵੀਂ ਤਕਨੋਲੋਜੀ (Censorship and New Technology)

ਨਵੀਂ ਟੈਕਨੋਲੋਜੀ ਨੇ ਸੈਂਸਰਸ਼ਿਪ ਨੂੰ ਪਹਿਲਾਂ ਨਾਲੋਂ ਜ਼ਿਆਦਾ ਸੁਖਾਲਾ ਤੇ ਨਾਲ ਹੀ ਔਖਾ ਵੀ ਬਣਾ ਦਿੱਤਾ ਹੈ। ਕੁਝ ਦੇਸ਼ਾਂ ਵਿਚ ਪ੍ਰਸਾਰਣ ਕਰਨ ਵਾਲਾ ਮੀਡੀਆ ਤੇ ਪੇਸ਼ਕਾਰੀ ਕਰਨ ਵਾਲਾ ਮੀਡੀਆ ਸਿੱਧਾ ਸਰਕਾਰ ਦੇ ਅਧੀਨ ਹੈ। ਇਸ ਤਰੀਕੇ ਨਾਲ ਪ੍ਰੈਸ ਦੀ ਆਜ਼ਾਦੀ ਬੜੀ ਸੀਮਤ ਹੁੰਦੀ ਹੈ ਤੇ ਉਹ ਅਜਿਹਾ ਕੁੱਝ ਨਹੀਂ ਛਾਪਦੀ ਜਿਸ ਨਾਲ ਉਸ ਨੂੰ ਸਰਕਾਰ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਵੇ। ਪਰ ਸੈਟੇਲਾਈਟ ਆਪਣੇ ਘੇਰੇ ਤੇ ਸਰੂਪ ਵਿਚ ਵਿਆਪਕ ਹੋਣ ਕਰਕੇ ਅਜਿਹੀਆਂ ਖਬਰਾਂ ਵੀ ਪ੍ਰਸਾਰਿਤ ਕਰ ਸਕਦਾ ਹੈ ਜਿਹੜੀਆਂ ਕਿਸੇ ਹੋਰ ਦੇਸ਼ ਵਿਚ ਦਬਾਈਆਂ ਜਾ ਸਕਦੀਆਂ ਹਨ।

ਦੂਜੇ ਪਾਸੇ ਇੰਟਰਨੈਟ ਨੇ ਨੈਤਿਕ ਸੈਂਸਰਸ਼ਿਪ ਦਾ ਇਕ ਨਵਾਂ ਖੇਤਰ ਖੋਲ੍ਹ ਦਿੱਤਾ ਹੈ। ਇੰਟਰਨੈਟ ਵਿਚ Websites ਅਜਿਹੀਆਂ ਹਨ ਜਿਹੜੀਆਂ ਕਿ ਅਸ਼ਲੀਲ ਰਸਾਲਿਆਂ ਦਾ ਬਦਲਿਆ ਹੋਇਆ ਰੂਪ ਹਨ, ਤੇ ਇਹ ਬੜੀ ਆਸਾਨੀ ਨਾਲ ਮਿਲ ਜਾਂਦੀਆਂ ਹਨ, ਇਸ ਲਈ ਬਹੁਤ ਔਖਾ ਹੈ ਕਿ ਇਹ ਸਵੀਕਾਰ ਯੋਗ ਹੈ, ਜਾਂ ਨਹੀਂ ਅਜਿਹੀਆਂ Websites ਅਜਿਹੀਆਂ ਚੀਜਾਂ ਪੇਸ਼ ਕਰਦੀਆਂ ਹਨ ਜਿਹੜੀਆਂ ਅਸ਼ੀਲ ਤੇ ਗੈਰ ਕਾਨੂੰਨੀ ਹਨ ਤੇ ਅਜਿਹੀਆਂ ਚੀਜ਼ਾਂ ਆਸਾਨੀ ਨਾਲ ਕਿਸੇ ਦੀ ਪਹੁੰਚ ਵਿਚ ਨਹੀਂ ਹੋਣੀਆਂ ਚਾਹੀਦੀਆਂ।

### 2.5.12.5. ਸਹਿਣਸ਼ੀਲਤਾ ਅਤੇ ਬੌਧਿਕ ਆਜ਼ਾਦੀ (Tolerance and Intellectual Freedom)

ਸੈਂਸਰਸ਼ਿਪ ਦਾ ਇਤਿਹਾਸ ਦਬਾਅ ਤੇ ਸਜ਼ਾ ਦੇਣ ਦੀ ਕਹਾਣੀ ਸਮਾਨ ਹੈ। ਪਰ ਇਸ ਵਿਚ ਸਹਿਣਸ਼ੀਲਤਾ ਤੇ ਆਜ਼ਾਦੀ ਨਾਲ ਨਾਲ ਚਲਦੀ ਰਹੀ ਹੈ। ਪੁਰਾਤਨ ਸਮੇਂ ਦੇ ਵਿਦਵਾਨ ਸੁਕਰਾਤ ਤੋਂ ਲੈ ਕੇ ਨਵੇਂ ਯੁੱਗ ਵਿਚ ਵੀ ਕਈ ਵਿਦਵਾਨਾਂ ਜਿਵੇਂ Milton,

John, Locke, J. S. Mill ਤੇ ਹੋਰਾਂ ਨੇ ਇਹ ਵਿਚਾਰ ਪ੍ਰਗਟ ਕੀਤਾ ਕਿ ਆਜ਼ਾਦੀ ਵਿਚ ਹੀ ਪੂਰਣ ਬਚਾਉ ਹੈ। ਲਾਕ ਨੇ ਇਹ ਦਲੀਲ ਦਿੱਤੀ ਹੈ ਕਿ ਰਾਜਾਂ ਨੂੰ ਧਾਰਮਿਕ ਕੰਮਾਂ ਵਿਚ ਕੋਈ ਕੰਟਰੋਲ ਨਹੀਂ ਕਰਨਾ ਚਾਹੀਦਾ ਤੇ ਧਰਮ ਨੂੰ ਨਾ ਮੰਨਣ ਵਾਲਿਆਂ ਪ੍ਰਤੀ ਵੀ ਸਹਿਣਸ਼ੀਲਤਾ ਨੂੰ ਅਪਣਾਉਣਾ ਚਾਹੀਦਾ ਹੈ। Mill ਦਾ ਵਿਸ਼ਵਾਸ ਸੀ ਕਿ ਮਨੁੱਖ ਆਪਣੇ ਕੰਮਾਂ ਤੇ ਭਲਾਈ ਵਾਸਤੇ ਖੁਦ ਚੰਗਾ ਪਾਰਖੂ ਹੈ। ਉਹ ਇਸ ਯੋਗ ਹੈ ਕਿ ਪੜ੍ਹਣ ਅਤੇ ਸੁਣਨ ਦੇ ਚੰਗੇ ਅਤੇ ਮਾੜੇ ਹੋਣ ਵਿਚ ਅੰਤਰ ਕਰ ਸਕੇ।

**2.5.12.6. ਲਾਇਬ੍ਰੇਰੀਆਂ ਅਤੇ ਬੌਧਿਕ ਆਜ਼ਾਦੀ (Libraries and Intellectual Freedom)**

ਲਾਇਬ੍ਰੇਰੀ ਐਸੋਸੀਏਸ਼ਨਾਂ ਵਿਚੋਂ ਅਮਰੀਕਨ ਲਾਇਬ੍ਰੇਰੀ ਐਸੋਸਿਏਸ਼ਨ ਨੇ ਲਾਇਬ੍ਰੇਰੀ ਸੈਂਸਰਸ਼ਿਪ ਬਾਰੇ ਬਹੁਤ ਕੋਸ਼ਿਸ਼ਾਂ ਕੀਤੀਆਂ ਸਨ। ਅਮਰੀਕਨ ਲਾਇਬ੍ਰੇਰੀ ਐਸੋਸੀਏਸ਼ਨ ਦੁਆਰਾ ਲਿਆਂਦਾ ਗਿਆ "ਲਾਇਬ੍ਰੇਰੀ ਬਿਲ ਆਫ ਰਾਈਟਸ" ਇਸ ਦੀ ਜ਼ਰੂਰਤ ਉੱਤੇ ਜ਼ੋਰ ਦਿੰਦਾ ਹੈ ਕਿ ਉਹ ਵਿਚਾਰਾਂ ਅਤੇ ਆਪਣੇ ਆਪ ਪੂਰੀ ਆਜ਼ਾਦੀ ਦਾ ਵਿਰੋਧ ਕਰਨ ਵਾਲੀ ਚੀਜ਼ ਦੇ ਖਿਲਾਫ ਹੋ ਜਾਵੇ।

ਇਥੋਂ ਤਕ ਕਿ ਅਮਰੀਕਾ ਦੇ ਰਾਸ਼ਟਰਪਤੀ ਆਇਜਿਨਹਾਵਰ ਨੇ ਏ. ਐਲ. ਏ ਦੇ ਪ੍ਰਧਾਨ ਨੂੰ ਇਹ ਲਿਖਿਆ ਸੀ, "ਅਮਰੀਕਾ ਦੀਆਂ ਲਾਇਬ੍ਰੇਰੀਆਂ ਆਜ਼ਾਦ ਅਤੇ ਖੋਜੀ ਵਿਚਾਰਾਂ ਦੇ ਲਈ ਘਰ ਹਨ ਤੇ ਇਹ ਹਮੇਸ਼ਾਂ ਇਸ ਤਰ੍ਹਾਂ ਹੀ ਰਹਿਣਗੀਆਂ।" ਏ. ਐਲ. ਏ ਨੇ ਮਹੱਤਵਪੂਰਣ ਬਿਆਨ ਦਿੱਤਾ ਸੀ ਕਿ ਕਿਤਾਬਾਂ ਤੇ ਪਾਬੰਦੀ ਜਾਂ ਸੈਂਸਰਸ਼ਿਪ ਨੂੰ ਇਸ ਗੱਲ ਉਤੇ ਚੈਲੰਜ ਕੀਤਾ ਜਾਣਾ ਚਾਹੀਦਾ ਹੈ ਕਿ ਲਾਇਬ੍ਰੇਰੀ ਵਿਚ ਲਿਖਤੀ ਚੀਜਾਂ ਨੂੰ ਸੰਗ੍ਰਹਿ ਕਰਨ ਤੇ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਇਸ ਤੋਂ ਬਾਅਦ ਪੜ੍ਹਣ ਦੀ ਆਜ਼ਾਦੀ ਆਉਂਦੀ ਹੈ ਅਤੇ ਇਸ ਲਈ ਵੱਡੀ ਮਾਤਰਾ ਵਿਚ ਵੱਖਰਾ ਸਾਹਿਤ ਉਪਲੱਬਧ ਹੋਣਾ ਚਾਹੀਦਾ ਹੈ। ਜਿਸ ਵਿਚ ਹਰ ਪ੍ਰਕਾਰ ਦੇ ਵਿਚਾਰ ਹੋਣ।

ਸੈਂਸਰਸ਼ਿਪ ਇਕ ਨਾਂਹ ਵਾਚੀ ਤੱਥ ਹੈ ਜਦੋਂ ਕਿ ਮੁੱਢਲੀ ਆਜ਼ਾਦੀ ਤਾਂ ਸਕਾਰਾਤਮਕ ਹੈ ਅਤੇ ਕਿਸੇ ਲੋਕਤੰਤਰੀ ਸਮਾਜ ਲਈ ਇਹ ਬਹੁਤ ਜ਼ਰੂਰੀ ਹੈ।

**2.5.13. ਫਾਇਫੇ (FAIFE)**

ਫਾਇਫੇ (FAIFE) (Fee Acess to Information and Freedom of Expression) ਇਫਲਾ ਦਾ ਇਕ ਔਜਾਰ ਹੈ, ਜਿਸ ਰਾਹੀਂ ਬੌਧਿਕ ਆਜ਼ਾਦੀ ਤੇ ਲਾਇਬ੍ਰੇਰੀ ਨੂੰ ਮਨੁੱਖੀ ਗਿਆਨ ਤੇ ਵਿਚਾਰਾਂ ਦੇ ਮੁੱਖ ਦਰਵਾਜ਼ੇ ਦੇ ਰੂਪ ਵਿਚ ਉੱਨਤ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਸ ਕਰਕੇ ਇਹ IFLA/FAIFE ਦੇ ਤੌਰ ਤੇ ਜਾਣਿਆ ਜਾਂਦਾ ਹੈ।

**2.5.13.1. ਸਥਾਪਨਾ (Origin)**

1977 ਵਿਚ ਕੋਪਨਹੈਗਨ ਵਿਚ ਇਫਲਾ (IFLA) ਵਲੋਂ ਮਤਾ ਪਾਸ ਕੀਤਾ ਗਿਆ ਤੇ ਉਥੋ ਇਫਲਾ/ਫਾਇਫੇ (IFLA/FAIFE) ਦਾ ਜਨਮ ਹੋਇਆ। ਸ਼ੁਰੂ ਤੇ ਜਾਣਿਆ ਗਿਆ।

**2.5.13.2. ਦਫਤਰ (Office)**

ਇਸ ਦਾ ਮੁੱਖ ਦਫਤਰ ਕੋਪਨਹੈਗਨ (ਡੈਨਮਾਰਕ) ਵਿਚ ਹੈ ਇਸਦੇ 27 ਮੈਂਬਰ ਨਾਮਜਦ ਕੀਤੇ ਜਾਂਦੇ ਹਨ। ਜਿਹੜੇ ਕਿ ਸੰਸਾਰ ਦੇ ਲਗਭਗ ਹਰ ਖੇਤਰ ਵਿਚ ਲਾਇਬ੍ਰੇਰੀ ਐਸੋਸੀਏਸਨਾਂ ਦੁਆਰਾ ਨਾਮਜਦ ਕੀਤੇ ਜਾਂਦੇ ਹਨ।

**2.5.13.3. ਵਿੱਤ (Funding)**

ਇਸ ਨੂੰ ਡੈਨਿਸ਼ ਲਾਇਬ੍ਰੇਰੀ ਕਮਿਊਨਿਟੀ ਕੋਪਨਹੈਗਨ ਅਤੇ ਡੇਨਿਸ ਸਰਕਾਰ ਦੁਆਰਾ ਫੰਡ ਮੁਹੱਈਆ ਕਰਵਾਏ ਜਾਂਦੇ ਹਨ।

**2.5.13.4. ਉਦੇਸ਼ ਕਥਨ ਅਤੇ ਕਾਰਜ (Mission and Action)**

ਇਫਲਾ/ਫਾਇਫੇ (IFLA/FAIFE) ਦਾ ਮੁੱਖ ਉਦੇਸ਼ ਲਇਬ੍ਰੇਰੀ ਸੰਕਲਪ ਸਪੱਸ਼ਟ ਕਰਨ ਦੇ ਬੌਧਿਕ ਆਜ਼ਾਦੀ ਦੀਆਂ ਕੀਮਤਾਂ ਦੀ ਸਹਿ ਸੰਬੰਧਤਾ ਨੂੰ ਵਧਾਉਣਾ ਹੈ। ਇਫਲਾ/ਫਾਇਫੇ (IFLA/FAIFE) ਇਸ ਉਦੇਸ਼ ਦੇ ਲਈ ਲਾਇਬ੍ਰੇਰੀ ਜਗਤ ਵਿਚ ਵੱਖ ਵੱਖ ਪੱਧਰ ਤੇ ਪ੍ਰਲੇਖਾਂ ਨੂੰ ਇਕੱਠੇ ਕਰਦਾ ਹੈ। ਉਨ੍ਹਾਂ ਦਾ ਆਦਾਨ ਪ੍ਰਦਾਨ ਵਧਾਉਂਦਾ ਹੈ ਤੇ ਆਪਸੀ ਗੱਲਬਾਤ ਨੂੰ ਵਧਾਉਂਦਾ ਹੈ।

* ਸਹਿਯੋਗੀਆਂ ਦੇ ਨੈਟਵਰਕ, ਮੀਡੀਆ ਦੇ ਆਪਸੀ ਸੰਬੰਧ, ਮਨੁੱਖੀ ਅਧਿਕਾਰਾਂ ਲਈ ਕਾਰਜ ਕਰਤਾ ਅਤੇ ਹੋਰ ਵਿਅਕਤੀ ਇਸ ਕੰਮ ਲਈ ਇਫਲਾ/ਫਇਫੇ IFLA/FAIFE ਦੀ ਮਦਦ ਕਰਦੇ ਹਨ। ਇਸਦਾ ਨਿਸ਼ਾਨਾ ਹੈ ਕਿ ਉਹ

ਬੌਧਿਕ ਆਜ਼ਾਦੀ ਲਾਇਬ੍ਰੇਰੀਆਂ ਤੇ ਲਾਇਬ੍ਰੇਰੀਅਨਸ਼ਿਪ ਵਿਚਕਾਰ ਕੇਂਦਰ ਬਿੰਦੂ ਦੇ ਤੌਰ ਤੇ ਕੰਮ ਕਰੇ।

* ਇਫਲਾ/ਫਇਫੇ IFLA/FAIFE ਸੂਚਨਾ ਤਕ ਪਹੁੰਚ ਦੀ ਸੁਤੰਤਰਤਾ ਅਤੇ ਲਾਇਬ੍ਰੇਰੀ ਵਿਚ ਵਿਚਾਰ ਵਿਅਕਤ ਕਰਨ ਦੀ ਸੁਤੰਤਰਤਾ ਬਾਰੇ ਮਿਤੀ ਅੰਤ ਤਕ ਜਾਣਕਾਰੀ ਇਨਟਰਨੈਟ ਤੇ ਉਪਲਬੱਧ ਕਰਦੀ ਹੈ।
* ਇਹ ਇਫਲਾ ਦੀਆਂ ਬੌਧਿਕ ਆਜ਼ਾਦੀ ਬਾਰੇ ਨੀਤੀਆ ਨੂੰ ਉੱਨਤ ਕਰਨ ਦਾ ਯਤਨ ਕਰਦੀ ਹੈ।
* ਇਹ ਸੂਚਨਾ ਦੀ ਪਹੁੰਚ ਦੀ ਆਜ਼ਾਦੀ ਤੇ ਵਿਚਾਰਾਂ ਦੀ ਆਜ਼ਾਦੀ, ਜੋ ਲਾਇਬ੍ਰੇਰੀ ਤੇ ਲਾਇਬ੍ਰੇਰੀ ਨੂੰ ਚਲਾਉਣ ਨੂੰ ਪ੍ਰਭਾਵਿਤ ਕਰਦੀ ਹੈ, ਦਾ ਧਿਆਨ ਰੱਖਦੀ ਹੈ ਤੇ ਉਨ੍ਹਾਂ ਦੀ ਉਲੰਘਣਾ ਰੋਕਣ ਬਾਰੇ ਫੈਸਲਾ ਕਰਦੀ ਹੈ।
* IFLA ਅਤੇ IFLA/FAIFE ਅੰਤਰ ਰਾਸ਼ਟਰੀ ਪੱਧਰ ਸੰਸਥਾਵਾਂ ਜਿਵੇਂ UNESCO ਵਗੈਰਾ ਦੀ ਮੱਦਦ ਕਰਦੀ ਹੈ। ਉਨ੍ਹਾਂ ਨੂੰ ਸਹਿਯੋਗ ਦਿੰਦੀ ਹੈ। ਇਸ ਤਰੀਕੇ ਨਾਲ IFLA ਆਪਣੀ ਪਹਿਲ ਕਦਮੀ ਨਾਲ ਬੌਧਿਕ ਆਜ਼ਾਦੀ ਦੇ ਹਰ ਪੱਖ ਤੋਂ ਜੋ ਕਿ ਲਾਇਬ੍ਰੇਰੀ ਜਾਂ ਲਾਇਬ੍ਰੇਰੀਅਨਸ਼ਿਪ ਨਾਲ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਜੋੜਿਆ ਹੈ, ਤੇ ਨਜ਼ਰ ਰੱਖਦੀ ਹੈ ਅਤੇ ਵਿਕਾਸ ਕਰਦੀ ਹੈ।

## 2.5.14. ਸਿੱਟਾ (Summary)

ਪਾਠ ਵਿਚ ਬੌਧਿਕ ਸੰਪੱਤੀ ਤੇ ਉਸਦੀ ਸੁਰੱਖਿਆ ਬਾਰੇ ਵਿਚਾਰ ਕੀਤੇ ਗਏ ਹਨ। ਬੌਧਿਕ ਸੰਪੱਤੀ ਅਧਿਕਾਰਾਂ ਬਾਰੇ ਅਤੇ ਇਸ ਦੀ ਕਿਸਮਾਂ ਬਾਰੇ ਵਿਚਾਰ ਕੀਤੇ ਗਏ। ਇਸ ਖੇਤਰ ਵਿਚ WIPO ਅਤੇ WIPONET ਦੀ ਮਹੱਤਤਾ ਅਤੇ ਕਾਰਜਾਂ ਬਾਰੇ ਵਿਚਾਰ ਕੀਤੇ ਗਏ। ਬੌਧਿਕ ਸੰਪੱਤੀ ਦੀ ਸੁਰੱਖਿਆ, ਉਸ ਲਈ ਲੋੜੀਂਦੇ ਸਾਧਨਾਂ (ਕਾਨੂੰਨੀ) ਉਤੇ ਚਰਚਾ ਕਰਕੇ ਚਾਣਨ ਪਾਇਆ ਗਿਆ। ਅੱਜ ਦੇ ਤਕਨੋਲੋਜੀ ਅਤੇ ਸੰਚਾਰ ਦੇ ਯੁਗ ਵਿਚ, ਡਿਜੀਟਲ ਸਵਰੂਪਾਂ ਦੀ ਆਮਦ ਕਰਕੇ, ਬਦਲਦੇ ਪਰਿਪੇਖ ਬਾਰੇ ਵਿਚਾਰ ਕੀਤੇ ਗਏ। "ਸੂਚਨਾ ਪ੍ਰਾਪਤੀ ਦੇ ਹੱਕ" ਬਾਰੇ ਉਸਦੀ ਮਹੱਤਤਾ ਅਤੇ ਸਾਧਨਾਂ ਬਾਰੇ ਚਰਚਾ ਕੀਤੀ ਗਈ। ਇਫਲਾ/ਫਾਇਫੇ (IFLA/FAIFE) ਦੀ ਸਥਾਪਨਾ ਅਤੇ ਕਾਰਜਾਂ ਬਾਰੇ ਵਿਚਾਰ ਕੀਤੇ ਗਏ।

## 2.5.15 ਸਵੈ-ਪੜਤਾਲ ਅਭਿਆਸ

(i) ਬੋਧਿਕ ਸੰਪੱਤੀ ਅਧਿਕਾਰ ਦੀ ਵਿਆਖਿਆ ਕਰੋ ? ਇਸ ਦੀ ਲੋੜ ਬਾਰੇ ਚਰਚਾ ਕਰੋ?

(ii ਆਈ.ਪੀ.ਆਰ ਕੀ ਹੈ? ਅੱਜ ਦੇ ਸੂਚਨਾ ਸਮਾਜ ਵਿਚ ਇਸ ਦੀ ਕੀ ਮੱਹਤਤਾ ਹੈ।

(iii) ਵਾਇਪੋ ਅਤੇ ਵਾਇਪੋਟੇਟ ਦੇ ਉਦੇਸ਼ਾ ਦੀ ਚਰਚਾ ਕਰੋ?

(iv) ਕਾਪੀ ਰਾਇਟ ਕੀ ਹੈ। ਕਾਪੀ ਰਾਇਟ ਕਾਨੂੰਨ ਦੀ ਲੋੜ ਕਿਉਂ ਹੈ?

(v) ਕਾਪੀ ਰਾਇਟ ਸੁਰੱਖਿਆ ਨਿਯਮਾਂ ਦੀ ਚਰਚਾ ਕਰੋ?

(vi) ਡਾਟਾ ਬੇਸ ਦੀ ਸੁਰੱਖਿਆ ਦੀਲੋੜ ਤੇ ਚਰਚਾ ਕਰੋ?

(vii) ਫੇਅਰਯੂਜ ਦੀ ਧਾਰਣਾ ਅਤੇ ਇਸ ਦੀ ਲੋੜ ਬਾਰੇ ਚਾਣਨ ਪਾਉ?

(viii) ਸੂਚਨਾ ਦੇ ਅਧਿਕਾਰ ਬਾਰੇ ਚਰਚਾ ਕਰੋ?

(ix) ਸੈਂਸਰਸ਼ਿਪ ਦੀ ਕੀ ਧਾਰਣਾ ਹੈ?

(x) ਇਫਲਾ/ਫਾਇਫ ਬਾਰੇ ਚਰਚਾ ਕਰੋ?

## 2.5.16 ਅੱਗੇ ਪੜ੍ਹਨ ਲਈ

1. Encyclopedia of Libarary and Information Science. New York : Marcel Deckker, 1970. Vol. 4.
2. Satarkar, S. V. Ed. : Intellectual Property Right and Copyright. New Delhi : Ess Ess, 2009.
3. Prased, K.N. : Intellectual Property Rights (in) A Neela meghan and K.N. Prasad (Eds). Inforamtion System, Networks and Services in India : Development and trends chennai: Ranganathan center for Information Studies, 1988.
4. Colnish, G.P. : Copyright: Interpreting the Law for Library, Achrives and Information Sciences. Ed5.2009.

ਪਾਠ ਨੰ: 2.6

ਲੇਖਕ : ਡਾ. ਸੇਵਾ ਸਿੰਘ
ਅਨੁਵਾਦਕ : ਡਾ. ਅਜੀਤ ਸਿੰਘ

# ਲਾਇਬ੍ਰੇਰੀ ਅਤੇ ਸੂਚਨਾ ਆਧਾਰਿਤ-ਸੰਰਚਨਾ
## (Library and Information Infrastructure)

2.6.0 ਪਾਠ ਉਦੇਸ਼
2.6.1 ਆਧਾਰਿਤ-ਸੰਰਚਨਾ : ਧਾਰਣਾ
2.6.2 ਸੂਚਨਾ : ਆਧਾਰਿਤ-ਸੰਰਚਨਾ
2.6.3 ਸੂਚਨਾ ਆਧਾਰਿਤ-ਸੰਰਚਨਾ ਦੀ ਲੋੜ
2.6.4 ਭੌਤਿਕ ਆਧਾਰਿਤ-ਸੰਰਚਨਾ
2.6.5 ਵਿੱਤੀ ਸਮਰਥਨ
2.6.6 ਸੂਚਨਾ ਪ੍ਰਣਾਲੀ
2.6.7 ਮਨੁੱਖੀ ਸ੍ਰੋਤ
2.6.8 ਨੈਟਵਰਕ : ਆਧਾਰਿਤ-ਸੰਰਚਨਾ ਵਜੋਂ
2.6.9 ਨੈਟਵਰਕਿੰਗ ਦੇ ਪੱਧਰ
2.6.10 ਡਿਜੀਟਲ ਲਾਇਬ੍ਰੇਰੀ
2.6.11 ਸਿੱਟਾ
2.6.12 ਸਵੈ-ਪੜਤਾਲ ਅਭਿਆਸ
2.6.13 ਅੱਗੇ ਪੜ੍ਹਣ ਲਈ

2.6.0 ਉਦੇਸ਼ (Objectives)

(i) ਆਧਾਰਿਤ-ਸੰਰਚਨਾ ਦੀ ਧਾਰਣਾ ਬਾਰੇ ਗਿਆਨ ਪ੍ਰਦਾਨ ਕਰਨਾ
(ii) ਆਧਾਰਿਤ-ਸੰਰਚਨਾ ਦੀ ਲੋੜ ਅਤੇ ਤੱਤਾ ਤੇ ਚਰਚਾ ਕਰਨਾ ; ਅਤੇ
(iii) ਡਿਜਿਟਲ ਲਾਇਬ੍ਰੇਰੀਆਂ ਬਾਰੇ ਚਰਚਾ ਕਰਨਾ।

**2.6.1 ਆਧਾਰਿਤ ਸੰਰਚਨਾ ਦੀ ਧਾਰਨਾ (Infrastructure : Concept) :** ਅਜੋਕੇ ਸਾਲਾਂ ਵਿਚ ਆਧਾਰਿਤ-ਸੰਰਚਨਾ ਦੀ ਧਾਰਨਾ, "ਰਾਸ਼ਟਰੀ ਸੂਚਨਾ ਆਧਾਰਿਤ-ਸੰਰਚਨਾ" ਅਤੇ "ਵਿਸ਼ਵ ਸੂਚਨਾ ਆਧਾਰਿਤ-ਸੰਰਚਨਾ" ਵਰਗੇ ਸ਼ਬਦਾਂ ਨੂੰ ਪ੍ਰਗਟ ਕਰਨ ਲਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਵਰਤਿਆ ਗਿਆ ਹੈ। ਸਾਰੇ ਸਮਾਜਿਕ ਵਿਗਿਆਨਿਕਾਂ ਨੇ ਆਧਾਰਿਤ-ਸੰਰਚਨਾ ਦੀ ਧਾਰਨਾ ਵਿਚ ਡੂੰਘੀ ਰੁਚੀ ਦਿਖਾਈ ਹੈ। ਦੋ ਸਮਾਜਿਕ ਵਿਗਿਆਨੀਆਂ Start and Ruhleder ਉਨ੍ਹਾਂ ਵਿਦਵਾਨਾਂ ਵਿਚੋਂ ਸਨ ਜਿਨ੍ਹਾਂ ਨੇ ਆਧਾਰਿਤ-ਸੰਰਚਨਾ ਨੂੰ ਸਮਾਜਿਕ ਅਤੇ ਤਕਨੀਕੀ ਪੱਖਾਂ ਤੋਂ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਆਧਾਰਿਤ-ਸੰਰਚਨਾ ਦਾ ਹੇਠ ਲਿਖੇ ਅਨੁਸਾਰ ਵਰਣਨ ਕੀਤਾ ਹੈ :

"ਇਹ ਦੋਨੋਂ ਬਦਲਾਅ ਦੇ ਇੰਜਨ ਅਤੇ ਫਾਟਕ ਹਨ। ਦੋਨੋਂ ਰੀਤੀਗਤ ਤੌਰ ਤੇ ਬਦਲਾਵਯੋਗ ਅਤੇ ਸਖਤ ਹਨ। ਦੋਹਾਂ ਵਿਚ ਅੰਦਰੂਨੀ ਅਤੇ ਬਾਹਰੀ ਸੰਗਠਨਾਤਮਕ ਵਿਸ਼ੇਸ਼ਤਾਵਾਂ ਹਨ। ਇਹ ਉਤਪਾਦ ਤੇ ਪ੍ਰਕਿਰਿਆ ਹਨ। ਵਿਕੇਂਦਰੀਕਰਣ ਤਕਨੀਕਾਂ ਜੋ ਵੱਡੀਆਂ ਭੂਗੋਲਿਕ ਦੂਰੀਆਂ ਤੱਕ ਵਰਤੀਆਂ ਜਾਦੀਆਂ ਹਨ, ਦੇ ਉਥਾਨ ਨਾਲ ਦੋਨੋ ਸਾਂਝੇ ਮਾਪੰਦਡ ਦੀ ਲੋੜ ਮਹਿਸੂਸ ਕਰਦੇ ਹੋਏ ਸਹਿਨਯੋਗ ਅਤੇ ਲਚਕੀਲੀ ਤਕਨੋਲੋਜੀ ਵਿਕਾਸ ਦੀ ਆਸ ਕਰਦੇ ਹਨ।"

ਭੌਤਿਕ ਆਧਾਰਿਤ ਸੰਰਚਨਾ ਸਮਾਜ ਵਿਚ ਸੜਕਾਂ, ਰੇਲਾਂ, ਟੈਲੀਫੋਨ, ਟੈਲੀਗ੍ਰਾਫ, ਬਿਜਲੀ ਅਤੇ ਰੋਸ਼ਨੀ, ਬੈਂਕਿੰਗ ਅਤੇਪੂਲਾਂ ਆਦਿ ਦੇ ਰੂਪ ਵਿਚ ਵਰਤੀ ਜਾਂਦੀ ਹੈ। ਇਹ ਸਾਰੀ ਆਧਾਰਿਤ ਸੰਰਚਨਾਵਾਂ ਸਾਡੇ ਸਮਾਜਕ ਢਾਂਚੇ ਵਿੱਚ ਤਾਨੇ-ਬਾਨੇ ਦੇ ਰੂਪ ਵਿਚ ਹਨ, ਜਿਹੜੇ ਤਕਨੀਕੀ ਪੱਧਰਾਂ ਤੇ ਆਧਾਰਤ ਹਨ।

ਸਟਾਰ (Star) ਅਤੇ ਰੂਹਲੇਦਰ (Ruhleder) ਆਧਾਰਿਤ-ਸੰਰਚਨਾ ਦੀਆਂ ਦਿਸ਼ਾਵਾਂ ਅਤੇ ਸੀਮਾਵਾਂ ਤਕਨੀਕ, ਸਮਾਜਿਕ ਅਤੇ ਕਾਰਜ ਪ੍ਰਕਿਰਿਆਵਾਂ ਅਤੇ ਮਿਆਰਾਂ ਦੀ ਗੁੰਝਲਦਾਰ ਅੰਤਰ ਕਿਰਿਆ ਹੈ ਅਤੇ ਇਹ ਆਧਾਰਿਤ-ਸੰਰਚਨਾ, ਤਿਆਰ ਕੀਤੇ ਆਧਾਰ ਉੱਪਰ ਖੜੀ ਕੀਤੀ ਜਾਂਦੀ ਹੈ।

**2.6.2 ਸੂਚਨਾ ਆਧਾਰਿਤ-ਸੰਰਚਨਾ (Information Infrastructure) :** ਇਕ ਸੂਚਨਾ ਆਧਾਰਿਤ-ਸੰਰਚਨਾ ਦੂਜੇ ਪਾਸੇ ਦੂਰ ਵਰਤੀ ਸੰਚਾਰ ਦੀਆਂ ਲਾਈਨਾਂ, ਬਿਜਲੀ ਦੇ ਪਾਵਰ ਗਰਿੱਡ, ਕੰਪਿਊਟਰ ਤਕਨੀਕਾਂ, ਉਪਲਬਧ ਸੂਚਨਾ ਸ੍ਰੋਤ, ਸੰਗਠਨਾਤਮਕ ਪ੍ਰਬੰਧ, ਅਤੇ ਲੋਕਾਂ ਦੀਆਂ ਕਾਰਜ ਪ੍ਰਕਿਰਿਆਵਾਂ ਨੂੰ ਇਸਤੇਮਾਲ ਕਰਕੇ ਤਿਆਰ ਕੀਤੇ ਆਧਾਰ ਉੱਪਰ ਖੜੀਆਂ ਕੀਤੀਆਂ ਜਾਂਦੀਆਂ ਹਨ।

ਅਮਰੀਕਾ ਦੇ ਇਕ ਜਨਤਕ ਨੀਤੀ ਦਸਤਾਵੇਜ (Public Policy Document) ਵਿਚ ਸੂਚਨਾ ਆਧਾਰਿਤ ਸੰਰਚਨਾ ਜ਼ਿਆਦਾ ਸੰਕਰੀਨ ਰੂਪ ਵਿਚ ਪਰਿਭਾਸ਼ਿਤ ਕੀਤੀ ਗਈ ਹੈ। ਇਸ ਅਨੁਸਾਰ ਇਸਦੇ ਖੇਤਰ ਵਿਚ, ਕੰਪਿਊਟਰ, ਅਤੇ ਸੰਚਾਰ ਨੈਟਵਰਕ, ਸੰਬੰਧਿਤ ਸੁਚਨਾ ਸ੍ਰੋਤ, ਅਤੇ ਨਿਯਮਾਂ ਅਤੇ ਨੀਤੀਆਂ ਦਾ ਸਮੂਹ, ਜੋ ਇਸਦੇ ਇਸਤੇਮਾਲ ਨੂੰ ਦੇਖਦਾ ਹੈ, ਆਦਿ ਸ਼ਾਮਿਲ ਕੀਤੇ ਜਾਂਦੇ ਹਨ।

ਸੂਚਨਾ ਆਧਾਰਿਤ-ਸੰਰਚਨਾ ਤਕਨੀਕੀ ਢਾਂਚੇ ਦੇ ਤੌਰ ਤੇ ਵੀ ਦਰਸਾਈ ਜਾਂਦੀ ਹੈ। ਅਮਰੀਕਾ ਦੀ National Research Council (1994) ਅਨੁਸਾਰ ਸੂਚਨਾ ਆਧਾਰਿਤ ਸੰਰਚਨਾ ਇਕ ਇਹੋ ਜਿਹਾ ਢਾਂਚਾ ਹੈ, ਜਿਸ ਵਿਚ ਸੰਚਾਰ ਨੈਟਵਰਕ ਸੂਚਨਾ ਤਕ ਪਹੁੰਚ, ਅਤੇ ਉੱਚੇ ਪੱਧਰ ਦੇ ਮਨੁੱਖੀ ਸੰਚਾਰ ਲਈ, ਉੱਚੇ ਪੱਧਰ ਦੀਆਂ ਸੇਵਾਵਾਂ ਦਾ ਸਮਰਥਨ ਕਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਆਧਾਰਿਤ-ਸੰਰਚਨਾ ਇਕ ਨਿਰਮਾਣਤਾਮਿਕ ਪੱਖ ਹੁੰਦਾ ਹੈ। ਇਕ ਢਾਂਚਾ ਤੇ ਡਿਜਾਇਨ ਹੁੰਦਾ ਹੈ, ਜਿਹੜਾ ਇਕ ਆਪਸੀ ਸੰਪਰਕ ਅਤੇ ਮਿਆਰੀ ਵਸਤਾਂ (ਆਵਾਜ ਵੀਡੀਓ, ਫਾਇਲਾਂ, ਈ-ਮੇਲ ਆਦਿ) ਦੇ ਰੂਪ ਵਿਚ ਆਪਸੀ ਸੰਪਰਕ ਲਈ ਪਰਸਾਰਿਤ ਕੀਤੇ ਜਾਂਦੇ ਹਨ।

ਸੂਚਨਾ ਆਧਾਰਿਕ ਸੰਰਚਨਾ ਦੀ ਇਕ ਧਾਰਣਾਤਮਕ ਪਰਿਭਾਸ਼ਾ ਤਕਨੀਕ ਅਤੇ ਲੋਕਾਂ ਵਿਚਕਾਰ ਅੰਤਰ ਕਿਰਿਆ ਤੋਂ ਵੀ ਲਈ ਜਾਂਦੀ ਹੈ। ਇਸ ਪਰਿਭਾਸ਼ਾ ਦੇ ਅਨੁਸਾਰ ਰਾਸ਼ਟਰੀ ਸੂਚਨਾ ਆਧਾਰਿਕ ਸੰਰਚਨਾ ਦੇ ਏਜੰਡੇ ਵਿਚ ਕਿਸੇ ਰਾਸ਼ਟਰ ਦੇ ਨੈਟਵਰਕ, ਕੰਪਿਊਟਰ, ਸਾਫਟਵੇਅਰ, ਸੂਚਨਾ ਸ੍ਰੋਤ ਵਿਕਸਤ ਕਰਨ ਵਾਲੇ, ਅਤੇ ਉਤਪਾਦਕ ਆਦਿ ਸਭ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਸੂਚਨਾ ਆਧਾਰਿਤ-ਸੰਰਚਨਾ ਟੈਲੀਫੋਨ ਪ੍ਰਸਾਰਣ ਜਾਂ ਕੇਬਲ ਨੈਟਵਰਕ ਕੰਪਿਊਟਰ ਸਿਸਟਮ, ਲਾਇਬ੍ਰੇਰੀਆਂ ਜਾਂ ਮਿਊਜੀਅਮ, ਸਕੂਲ ਅਤੇ ਯੂਨੀਵਰਸਿਟੀਆਂ, ਬੈਂਕਾਂ ਜਾਂ ਸਰਕਾਰਾਂ ਆਦਿ ਦੇ ਬਦਲ ਦੇ ਤੌਰ ਤੇ ਨਹੀਂ ਹੈ। ਇਹ ਇਕ ਨਵੀਂ ਹੋਂਦ ਹੈ ; ਜਿਹੜੀ ਇਨ੍ਹਾਂ ਸਾਰੀਆਂ ਤਕਨੀਕਾਂ ਅਤੇ ਸੰਸਥਾਵਾਂ ਦਾ ਸੰਯੋਜਨ ਅਤੇ ਅਨੁਪੂਰਕ ਵਜੋਂ ਕੰਮ ਕਰਦੀ ਹੈ, ਪਰੰਤੂ ਇਨ੍ਹਾਂ ਵਿਚੋਂ ਕਿਸੇ ਦਾ ਵੀ ਸਥਾਨ ਨਹੀ਼ ਲੈ ਸਕਦੀ।

**2.6.3 ਸੂਚਨਾ ਆਧਾਰਿਤ-ਸੰਰਚਨਾ ਦੀ ਲੋੜ (Need for Information Infrastructure) :–** ਅੱਜ ਦੇ ਸਮਾਜ ਨੂੰ ਸੂਚਨਾ ਸਮਾਜ ਦੇ ਤੌਰ ਤੇ ਜਾਣਿਆ ਜਾਂਦਾ ਹੈ। ਅਜੋਕੇ ਸਮਾਜ ਵਿਚ ਸੂਚਨਾ ਨੂੰ, ਸ਼ਕਤੀ ਦੇ ਤੌਰ ਤੇ ਜਾਣਿਆ ਜਾਂਦਾ ਹੈ, ਅਤੇ ਸ਼ਕਤੀ ਵਿਸ਼ਵ ਪੱਧਰ ਤੇ ਸਵੀਕਾਰ ਕੀਤੀ ਜਾਂਦੀ ਹੈ। ਸਾਰੇ ਦੇਸ਼ ਸ਼ਕਤੀਸ਼ਾਲੀ ਬਣਨ ਲਈ ਸੂਚਨਾ ਦੇ ਧਾਰਣੀ ਹੋਣਾ ਚਾਹੁੰਦੇ ਹਨ। ਇਸ ਤਰ੍ਹਾਂ ਸੂਚਨਾ ਸਥਾਨਿਕ, ਖੇਤਰੀ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਇਕੱਠੀ, ਸੰਗ੍ਰਹਿਤ,

ਤਿਆਰ ਅਤੇ ਬਿਖੇਰੀ ਜਾਂਦੀ ਹੈ ਅਤੇ ਇਸ ਤਰ੍ਹਾਂ ਇਹ ਲੋੜ ਵਾਲੀਆਂ ਕੋਲ ਪਹੁੰਚਦੀ ਹੈ, ਜਿਨ੍ਹਾਂ ਨੂੰ ਇਸਦੀ ਵਰਤੋਂ ਲਈ ਸਭ ਤੋਂ ਜ਼ਿਆਦਾ ਜ਼ਰੂਰਤ ਹੁੰਦੀ ਹੈ। ਇਸ ਕੰਮ ਲਈ ਵੱਖ-ਵੱਖ ਵਿਸ਼ਿਆਂ ਵਾਸਤੇ, ਵਿਸ਼ੇਸ਼ ਲਾਇਬ੍ਰੇਰੀ, ਤੇ ਸੂਚਨਾ ਕੇਂਦਰ ਸਥਾਪਿਤ ਕੀਤੇ ਜਾ ਚੁੱਕੇ ਹਨ। ਲਾਇਬ੍ਰੇਰੀ ਅਤੇ ਸੂਚਨਾ ਖੇਤਰ ਵਿਚ ਮਾਹਿਰ ਕਾਮੇ ਇਨ੍ਹਾਂ ਕੇਂਦਰਾਂ ਦੀ ਦੇਖਭਾਲ ਕਰਦੇ ਹਨ ਅਤੇ ਸੂਚਨਾ ਨੂੰ ਵਿਸ਼ਲੇਸ਼ਣ ਅਤੇ ਪੁਨਰ ਪੁਲੰਦੀਕਰਣ (Repackiging) ਕਰਨ ਦਾ ਕੰਮ ਕਰਦੇ ਹਨ। ਉਹ ਬਦਲਦੇ ਸੰਸਾਰ ਅਨੁਸਾਰ ਨਵੀਆਂ ਚੁਣੌਤੀਆਂ ਨੂੰ ਸਵੀਕਾਰ ਕਰਕੇ ਆਪਣੇ ਆਪ ਨੂੰ ਨਵੇਂ ਹੁਨਰਾਂ ਅਤੇ ਸਮਰੱਥਾਵਾਂ ਦੇ ਧਾਰਨੀ ਬਣਾਉਂਦੇ ਹਨ। ਇਸ ਤਰ੍ਹਾਂ ਲਾਇਬ੍ਰੇਰੀ ਅਤੇ ਸੂਚਨਾ ਕੇਂਦਰਾਂ ਦੇ ਕਿੱਤਾਕਰ ਜਿਹੜੇ ਵਿਸ਼ੇਸ਼ ਸੂਚਨਾ ਕੇਂਦਰਾਂ ਉੱਪਰ ਕੰਮ ਕਰਦੇ ਹਨ। ਸੂਚਨਾ ਦੀ ਪਛਾਣ ਅਤੇ ਲੋੜਾਂ ਅਤੇ ਉਨ੍ਹਾਂ ਨੂੰ ਸੰਗ੍ਰਹਿ ਕੀਤੇ ਦਸਤਾਵੇਜ਼ਾਂ ਦਾ ਮਿਲਾਣ ਕਰਨ, ਬਿਜਲਾਣੂ ਢੰਗ ਨਾਲ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਅਤੇ ਸੰਚਾਰ ਪ੍ਰਣਾਲੀ ਰਾਹੀਂ ਲੋੜੀਂਦੀ ਸੂਚਨਾ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਤਬਦੀਲ ਕਰਨ ਦੀਆਂ ਕਿਰਿਆਵਾਂ ਵਿਚ ਲੱਗੇ ਹੋਏ ਹਨ। ਇਸ ਤਰੀਕੇ ਨਾਲ ਸੂਚਨਾ ਹਰ ਕਿਸਮ ਦੇ ਗਿਆਨ ਦੇ ਵਿਕਾਸ ਲਈ ਲੋੜੀਂਦੀ ਆਧਾਰਿਤ-ਸੰਰਚਨਾ ਨੂੰ ਬਦਲਣ ਦੀ ਬਜਾਏ ਇਕ ਸਮਰੱਥ ਪ੍ਰਣਾਲੀ ਦੇ ਤੌਰ ਤੇ ਕੰਮ ਕਰਦੀ ਹੈ। ਇਸ ਤਰ੍ਹਾਂ ਇਕ ਚੰਗੀ ਸੂਚਨਾ ਆਧਾਰਿਤ-ਸੰਰਚਨਾ ਵਿਦਿਅਕ ਖੋਜ ਅਤੇ ਵਿਕਾਸਸ਼ੀਲ ਕਿਰਿਆਵਾਂ ਨਾਲ ਜੁੜੇ ਹੋਏ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਹੈ।

**2.6.4 ਭੌਤਿਕ ਆਧਾਰਿਤ-ਸੰਰਚਨਾ (Physical Infrastructure) :** ਸੂਚਨਾ ਨੂੰ ਇਕੱਠਾ ਕਰਨ, ਅਮਲ ਵਿਚ ਲਿਆਉਣ ਅਤੇ ਵੱਖ-ਵੱਖ ਕਿਸਮਾਂ ਦੇ ਵਰਤੋਂਕਾਰਾਂ ਤੱਕ ਉਪਲਬਧ ਕਰਾਉਣ ਲਈ ਭੌਤਿਕ ਆਧਾਰਿਤ-ਸੰਰਚਨਾ ਦੀ ਲੋੜ ਹੁੰਦੀ ਹੈ। ਇਸ ਵਿਚ ਲਾਇਬ੍ਰੇਰੀ ਅਤੇ ਸੂਚਨਾ ਕੇਂਦਰ ਲਈ ਇਮਾਰਤਾਂ, ਲੋੜੀਂਦੀ ਸਾਜੋ ਸਮਾਜ ਅਤੇ ਫਰਨੀਚਰ, ਜਿਵੇਂ ਕਿ ਕੰਪਿਊਟਰ ਅਤੇ ਕੰਪਿਊਟਰ ਲੈਬਾਰਟਰੀ ਨੈਟਵਰਕ ਅਤੇ ਇੰਟਰਨੈਟ ਕੁਨੈਕਸ਼ਨ, ਰਿਪਰੋਗ੍ਰਾਫਿਕ ਸਹੂਲਤਾਂ, ਫੈਕਸ, ਸੁਣਨ ਦੇ ਦੇਖਣ ਯੋਗ ਤਕਨੀਕਾਂ, ਆਧਿਆਪਨ, ਸਹਾਇਕ ਵਸਤਾਂ, ਵੱਖ-ਵੱਖ ਕਿਸਮਾਂ ਦਾ ਫਰਨੀਚਰ ਅਤੇ ਇਸ ਕਿਸਮ ਦੀਆਂ ਹੋਰ ਬਹੁਤ ਸਾਰੀਆਂ ਚੀਜਾਂ ਸ਼ਾਮਿਲ ਹੁੰਦੀਆਂ ਹਨ।

**2.6.5 ਵਿੱਤੀ ਸਮਰਥਨ (financial Support) :** ਆਧਾਰਿਤ-ਸੰਰਚਨਾ ਦੀ ਲੋੜੀਂਦੀ ਹੋਰ ਕਿਸਮ ਵੱਖ ਵੱਖ ਥਾਵਾਂ ਤੋਂ ਪ੍ਰਾਪਤ ਹੋਣ ਵਾਲੀ ਵਿੱਤੀ ਸਮਰਥਨ ਵੀ ਹੈ। ਭਾਰਤ ਵਿਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਲਾਇਬ੍ਰੇਰੀ ਅਤੇ ਸੂਚਨਾ ਅਧਾਰਿਤ-ਸੰਰਚਨਾ ਦਾ ਵਿੱਤੀ ਸਮਰਥਨ ਕਰਨ ਵਾਲੀ ਸਭ ਤੋਂ ਮੁੱਖ ਏਜੰਸੀ ਹੈ।ਯੂ.ਜੀ.ਸੀ. ਯੂਨੀਵਰਸਿਟੀ ਅਤੇ ਕਾਲਜਾਂ ਨੂੰ ਆਪਣੇ ਮਿਆਰਾਂ ਨੂੰ ਕਾਇਮ ਰੱਖਣ ਅਤੇ ਸਹੂਲਤਾਂ ਦੀ ਵੱਧ ਤੋਂ ਵੱਧ ਉਪਯੋਗ ਕਰਨ ਲਈ ਅਨੁਦਾਨ ਦਿੰਦੀ ਹੈ। ਯੂ.ਜੀ.ਸੀ. ਨੂੰ ਛੱਡ ਕੇ ਰਾਜ ਸਰਕਾਰਾਂ, CSIR, ਸਾਇੰਸ ਅਤੇ ਤਕਨੀਕ ਵਿਭਾਗ, ਰਾਜਾ ਰਾਮਮੋਹਨ ਰਾਇ ਲਾਇਬ੍ਰੇਰੀ ਫਾਊਂਡੇਸ਼ਨ ਸਮੇਤ ਹੋਰ ਬਹੁਤ ਸਾਰੀਆਂ ਸੰਸਥਾਵਾਂ ਹਨ ਜੋ ਪਬਲਿਕ ਲਾਇਬ੍ਰੇਰੀ ਆਧਾਰਿਤ ਸੰਰਚਨਾ ਲਈ ਵਿੱਤੀ ਸਮਰਥਨ ਦਿੰਦੀਆਂ ਹਨ।

**2.6.6 ਸੂਚਨਾ ਪ੍ਰਣਾਲੀ (Information System) :** ਇਸਦੇ ਬਾਵਜੂਦ ਕਿ ਸੂਚਨਾ ਪ੍ਰਬੰਧਨ (Management) ਨੂੰ ਕਈ ਖੇਤਰਾਂ ਵਿਚ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾਂ ਪੈ ਰਿਹਾ ਹੈ, ਸੂਚਨਾ ਅਤੇ ਗਿਆਨ ਦੇ ਵਿਕਾਸ ਲਈ ਸੂਚਨਾ (ਟੈਕਨਾਲੋਜੀ ਦਾ ਇਸਤੇਮਾਲ) ਵਿਸ਼ਾਲ ਸਮਰੱਥਾਵਾਂ ਰੱਖਦਾ ਹੈ। ਅਜੋਕੇ ਸਮੇਂ ਵਿਚ ਸੂਚਨਾ ਟੈਕਨਾਲੋਜੀ ਦੀ ਵਰਤੋਂ ਕਰਨ ਵਾਲੇ ਵਰਤੋਂਕਾਰਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋ ਰਿਹਾ ਹੈ। ਵਿਸ਼ਵੀਕਰਨ (Globalization) ਦੇ ਪ੍ਰਭਾਵ ਦੇ ਕਾਰਨ, ਇਕ ਨਵਾਂ ਸੂਚਨਾ ਅਤੇ ਵਿੱਤੀ ਢਾਂਚਾ ਪ੍ਰਗਟ ਹੋ ਰਿਹਾ ਹੈ। ਭਾਰਤ ਵਿਚ ਵੀ ਇਕ ਸੂਚਨਾ ਸਮਾਜ ਦਾ ਆਗਾਜ਼ ਹੋ ਰਿਹਾ ਹੈ, ਜਿਸ ਵਿਚ ਸੂਚਨਾ ਪ੍ਰਬੰਧਨ (Information Management) ਵਿਚ ਨਵਾਂ ਵਿੱਤੀ ਢਾਂਚਾ ਪਰਵੇਸ਼ ਕਰ ਉਸ ਉੱਤੇ ਛਾ ਰਿਹਾ ਹੈ। ਜਿਸ ਨਾਲ ਸੂਚਨਾ ਪ੍ਰਬੰਧਨ ਪ੍ਰਣਾਲੀ ਨੂੰ ਮੰਡੀਕਰਨ ਵੱਲ ਵਧਣਾ ਪੈ ਰਿਹਾ ਹੈ। ਇਸ ਤਰ੍ਹਾਂ ਸੂਚਨਾ ਦੇ ਵਹਾਅ, ਇਸਦੇ ਸੰਗਠਨ, ਮੁੱਲ, ਸੰਬੰਧਤਾ ਅਤੇ ਸਮਾਜ ਦੇ ਵਿਕਾਸ ਉੱਪਰ ਇਸਦੇ ਪ੍ਰਭਾਵ ਬਾਰੇ ਹੋਰ ਜ਼ਿਆਦਾ ਚੇਤਨਤਾ ਪੈਦਾ ਕਰਨ ਦੀ ਜ਼ਰੂਰਤ ਹੈ। ਇਨ੍ਹਾਂ ਸਭ ਵਿਕਾਸਾਂ ਦੇ ਸੰਦਰਭ ਵਿਚ ਮਨੁੱਖੀ ਸ੍ਰੋਤਾਂ ਦੇ ਵਿਕਾਸ ਦੀ ਜ਼ਰੂਰਤ ਸਾਹਮਣੇ ਆਈ ਹੈ ਜਿਹੜੀ ਨਵੀਂ ਸੂਚਨਾ ਨੂੰ ਕੁਸ਼ਲਤਾ ਪੂਰਵਕ ਸੰਭਾਲ ਅਤੇ ਪਰਸਾਰ ਕਰ ਸਕੇ।

**2.6.7 ਮਨੁੱਖੀ ਸਾਧਨ (Human Resource) :** ਸੂਚਨਾ ਤਕਨਾਲੋਜੀ ਦੇ ਪ੍ਰਭਾਵਸ਼ਾਲੀ ਇਸਤੇਮਾਲ ਅਤੇ ਸੂਚਨਾ

ਪ੍ਰਬੰਧਨ ਵਾਸਤੇ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਅਤੇ ਲੋੜੀਂਦੀਆਂ ਸਮਰੱਥਾਵਾਂ ਦੀ ਧਾਰਣੀ ਮਨੁੱਖੀ ਸ਼ਕਤੀ ਦੀ ਬਹੁਤ ਜ਼ਰੂਰਤ ਹੈ। ਇਹ ਤਬਦੀਲੀ ਯੂਨੀਵਰਸਿਟੀਆਂ ਦੇ ਅਧਿਆਪਨ ਵਿਭਾਗਾਂ ਦੁਆਰਾ ਲਿਆਂਦੀ ਜਾਂਦੀ ਹੈ। ਇਹ ਵਿਭਾਗ ਨਵੇਂ ਮਨੁੱਖੀ ਸ੍ਰੋਤਾਂ ਨੂੰ ਉਤਮ ਸਿੱਖਿਆ ਅਤੇ ਸਿਖਲਾਈ ਦੇ ਕੇ, ਨਵੇਂ ਸੂਚਨਾ ਵਾਤਾਵਰਣ ਵਿਚ ਸੂਚਨਾ ਕਿਰਿਆ ਨੂੰ ਕਰਨ ਅਤੇ ਸੂਚਨਾ ਪ੍ਰਦਾਨ ਕਰਨ ਦੇ ਯੋਗ ਬਣਾਉਂਦੇ ਹਨ। ਇਸ ਸਿੱਖਿਆ ਵਿਚ ਨਵੀਆਂ ਖੋਜ ਵਿਧੀਆਂ, ਖੋਜ ਜੁਗਤਾਂ, ਡਾਟਾਬੇਸ, ਪੁਨਰ ਪੁਲੰਦੀਕਰਣ ਢੰਗ, ਮੰਡੀਕਰਣ, ਖੋਜ ਆਦਿ ਆਉਂਦੇ ਹਨ।

**2.6.8 ਨੈਟਵਰਕ : ਅਧਾਰਿਤ-ਸੰਰਚਨਾ ਵਜੋਂ (Network as Infrastructure) :** ਅਜੋਕੇ ਲਾਇਬ੍ਰੇਰੀ ਅਤੇ ਸੂਚਨਾ ਵਾਤਾਵਰਣ ਵਿਚ ਨੈਟਵਰਕ ਇਕ ਉੱਭਰਦੀ ਮਹੱਤਵਪੂਰਣ ਧਾਰਣਾ ਹੈ, ਜੋ ਕਿ ਸੂਚਨਾ ਤੱਕ ਸੰਪੂਰਣ ਪਹੁੰਚ ਪ੍ਰਾਪਤੀ ਲਈ ਜ਼ਰੂਰੀ ਤੌਰ ਤੇ ਵਿਕਸਿਤ ਹੋ ਰਹੀ ਹੈ।

**2.6.8.1 ਪਰਿਭਾਸ਼ਾ (Definition) :–** ਨੈਟਵਰਕ ਨੂੰ ਲੋਕਾਂ ਅਤੇ ਇਕਾਈਆਂ ਆਦਿ ਵਿਚ ਅੰਤਰ ਕਿਰਿਆਵਾਂ ਦੇ ਢੰਗਾਂ ਦੇ ਤੌਰ ਤੇ, ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਅੰਤਰ ਸੰਬੰਧਤ ਸੂਚਨਾ ਦਾ ਸਮੂਹ ਹੈ ਜੋ ਸੰਚਾਰ ਸਹੂਲਤਾਂ ਨਾਲ ਜੁੜਿਆ ਹੋਇਆ ਹੈ ਅਤੇ ਜਿਨ੍ਹਾਂ ਵਿਚ ਰਸਮੀ ਤੇ ਸੰਸਥਾਗਤ ਪ੍ਰਬੰਧਾਂ ਰਾਹੀਂ ਤਾਲਮੇਲ ਸਥਾਪਿਤ ਹੁੰਦਾ ਹੈ।

**2.6.8.2 ਸ਼੍ਰੇਣੀਆਂ (Categories) :–** ਨੈਟਵਰਕਾਂ ਦੀਆਂ ਤਿੰਨ ਸ੍ਰੇਣੀਆਂ ਹਨ :

**2.6.8.2.1 ਸੰਚਾਰ ਨੈਟਵਰਕ (Communication Network) :–** (ਜਾਨ ਫੀਦਰ) (John Feather) ਦੇ ਅਨੁਸਾਰ, "ਸੰਚਾਰ ਨੈਟਵਰਕ ਇਕ ਅਜਿਹੀ ਪ੍ਰਣਾਲੀ ਹੈ, ਜੋ ਸੰਚਾਰ ਪ੍ਰਣਾਲੀਆਂ (Devices) ਦੀ ਧਾਰਣੀ ਹੁੰਦੀ ਹੈ। ਜਿਵੇਂ ਕਿ ਟਰਮੀਨਲਜ ਅਤੇ ਅੰਤਰ ਸੰਬੰਧਤ ਮੀਡੀਆ, ਜਿਵੇਂ ਕੇਬਲ ਅਤੇ ਮੀਡੀਆ ਵਿਚਲੀਆਂ ਸੰਚਾਰ ਪ੍ਰਣਾਲੀਆਂ ਵਿਚ ਸੰਚਾਰ ਸਥਾਪਿਤ ਕਰਨ ਵਾਲੇ ਰਸਤਿਆਂ ਦਾ ਸਾਧਨ ਬਣਦੀ ਹੈ।"

**2.6.8.2.2 ਕੰਪਿਊਟਰ ਨੈਟਵਰਕ (Computer Network) :** ਇਹ ਅੰਤਰ ਸੰਬੰਧਿਤ ਸੰਚਾਰ ਚੈਨਲਾਂ ਦਾ ਸਮੂੰਹ ਹੁੰਦਾ ਹੈ ਜੋ ਅਜਿਹੀਆਂ ਕੰਪਿਊਟਰ ਜੁਗਤਾਂ (Computer Devices) ਦਾ ਧਾਰਣੀ ਹੁੰਦਾ ਹੈ ਜਿਹੜੀਆਂ ਇਕ ਦੂਜੇ ਨਾਲ ਸੰਚਾਰ ਸਥਾਪਿਤ ਕਰ ਸਕਦੀਆਂ ਹਨ। ਇਸ ਵਿਚ ਕੇਂਦਰੀ ਚੀਜ਼ਾਂ ਕੰਪਿਊਟਰ ਟਰਮੀਨਲ, Work Station ਜਾਂ ਅਲੱਗ-ਅਲੱਗ ਸਥਾਨਾਂ ਉਪਰ ਪਈਆਂ ਵੱਖ ਵੱਖ ਸੰਚਾਰ ਇਕਾਈਆ ਹੋ ਸਕਦੀਆਂ ਹਨ। ਅਜੋਕੇ ਸਾਲਾਂ ਵਿਚ ਕੰਪਿਊਟਰ ਨੈਟਵਰਕ ਵਿਸ਼ਾਲ ਪੱਧਰ ਤੇ ਗਿਣਤੀ ਤੇ ਭੂਗੋਲਿਕ ਖੇਤਰ ਤੱਕ ਵੱਧ ਚੁੱਕੇ ਹਨ।

**2.6.8.2.3 ਸੂਚਨਾ ਨੈਟਵਰਕ (Information Network) :** ਇਹ ਸੂਚਨਾ ਤਬਾਦਲੇ ਦੀ ਸਥਾਪਿਤ ਪ੍ਰਣਾਲੀ ਹੁੰਦੀ ਹੈ। ਪ੍ਰੰਤੂ ਅਜੋਕੇ ਸੂਚਨਾ ਨੈਟਵਰਕਾਂ ਵਿਚ ਮਨੁੱਖ ਦੀਆਂ ਸੂਚਨਾ ਸੰਬੰਧੀ ਵਿਅਕਤੀਗਤ ਜਾਂ ਸੰਸਥਾਗਤ ਜਰੂਰਤਾਂ ਨੂੰ ਪੂਰਾ ਕਰਨ ਲਈ ਲਾਇਬ੍ਰੇਰੀਆਂ ਅਤੇ ਵਿਸ੍ਰੇਸ਼ ਡਾਟਾਸ੍ਰੋਤਾਂ ਵਿਚਕਾਰ ਸੰਬੰਧ ਬਣਾਉਣ ਲਈ ਇਸ ਤਕਨੀਕ ਦੀ ਵਰਤੋਂ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ।

**2.6.8.3 ਨੈਟਵਰਕ ਦੇ ਹਿੱਸੇ (Network Components)**

ਸਵਾਂਕ Swank ਅਨੁਸਾਰ ਨੈਟਵਰਕ ਦੇ 6 ਤੱਤ ਹੁੰਦੇ ਹਨ :

(i) ਸੂਚਨਾ ਸ੍ਰੋਤ;

(ii) ਪਾਠਕ ਜਾਂ ਵਰਤੋਂਕਾਰ;

(iii) ਡਾਟਾ ਜਾਂ ਦਸਤਾਵੇਜ਼ਾਂ ਦੇ ਸੰਗਠਨ ਲਈ ਬੌਧਿਕ ਯੋਜਨਾਵਾਂ;

(iv) ਸ੍ਰੋਤਾਂ ਦੀ ਪਾਠਕਾਂ ਜਾਂ ਵਰਤੋਂਕਾਰਾਂ ਤੱਕ ਪਹੁੰਚ ਕਰਨ ਲਈ ਢੰਗ;

(v) ਰਸਮੀ ਸੰਗਠਨ, ਤਾਲਮੇਲ ਜਿਹੜਾ ਅਲੱਗ ਅਲੱਗ ਡਾਟਾਬੇਸਾਂ ਵਰਤੋਂਕਾਰਾਂ ਦੇ ਗਰੁੱਪਾਂ ਵਿਚ ਸਿੱਧਾ ਜਾਂ ਅਸਿੱਧਾ ਹੋ ਸਕਦਾ ਹੈ; ਅਤੇ

(vi) ਦੋ ਦਿਸ਼ਾਵੀ ਸੰਚਾਰ ਨੈਟਵਰਕ।

**2.6.8.4 ਲਾਇਬ੍ਰੇਰੀ ਨੈਟਵਰਕ ਦੇ ਜ਼ਰੂਰੀ ਤੱਤ (Essentials of Library Network)**

ਕੌਲ (Kaul) ਨੇ ਲਾਇਬ੍ਰੇਰੀ ਨੈਟਵਰਕ ਦੇ ਹੇਠ ਲਿਖੇ ਕੁਝ ਜ਼ਰੂਰੀ ਨੁਕਤੇ ਪਛਾਣੇ ਹਨ :

(i) ਲਾਇਬ੍ਰੇਰੀਆਂ ਦੇ ਸਮੂਹ ਵਿਚ ਉਪਲੱਬਧ ਸ੍ਰੋਤਾਂ ਦਾ ਵਿਕਾਸ ਤੇ ਉਨ੍ਹਾਂ ਦੀ ਵੰਡ ਨੂੰ ਸੌਖਾ ਬਣਾਉਣਾ ਤਾਂ ਜੋ ਉਪਭੋਗਤਾਵਾਂ ਲਈ ਵੱਧ ਤੋਂ ਵੱਧ ਸੂਚਨਾ ਪ੍ਰਦਾਨ ਕੀਤੀ ਜਾ ਸਕੇ;

(ii) ਬਿਬਲਿਉਗ੍ਰਾਫੀ ਸੰਦਾਂ ਦਾ ਵਿਕਾਸ ਕਰਨਾ ਜਿਵੇਂ ਸੰਘ ਸੂਚੀ ਅਤੇ ਯੂਨੀਅਨ ਲਿਸਟਾਂ ਆਦਿ।

(iii) ਅੰਤਰ ਲਾਇਬ੍ਰੇਰੀ ਉਧਾਰ ਸੇਵਾਵਾਂ ਅਤੇ ਦਸਤਾਵੇਜ਼ਾਂ ਦੀ ਵਿੱਤਰਣ (Delivery) ਤੇਜ਼ ਹੋਣਾ ਚਾਹੀਦੀ ਹੈ;

(iv) ਨੈਟਵਰਕ ਵਿਚ ਭਾਗ ਲੈਣ ਵਾਲੀਆਂ ਲਾਇਬ੍ਰੇਰੀਆਂ ਸੰਯੁਕਤ ਬਿਬਲਿਉਗ੍ਰਾਫੀ ਰਿਕਾਰਡ ਵਿਚ ਹਿੱਸੇਦਾਰ ਬਣਨ ਲਈ ਸਹਿਮਤ ਹੋਣੀਆਂ ਚਾਹੀਦੀਆਂ ਹਨ;

(v) ਵਿਅਕਤੀਗਤ ਲਾਇਬ੍ਰੇਰੀਆਂ ਦੁਆਰਾ ਆਂਤਰਿਕ ਰਚਨਾ (Inhouse formation) ਅਪਣਾਉਣੀ ਚਾਹੀਦੀ ਹੈ;

(vi) ਸਾਰੀਆਂ ਭਾਗੀਦਾਰ ਲਾਇਬ੍ਰੇਰੀਆਂ ਦੁਆਰਾ ਮਿਆਰੀ ਫਾਰਮੈਟ, ਸੂਚੀਪੱਤਰ, ਕੋਡ ਅਤੇ ਥੀਸਾਰਸ ਆਦਿ ਵਰਤਿਆ ਜਾਣਾ ਚਾਹੀਦਾ ਹੈ; ਅਤੇ

(vii) ਅੰਤਰ ਰਾਸ਼ਟਰੀ ਡਾਟਾਬੇਸਾਂ ਤਕ ਪਹੁੰਚ ਸਥਾਪਿਤ ਕਰਨ ਲਈ ਲਾਇਬ੍ਰੇਰੀਆਂ ਵਿਚਕਾਰ ਈ-ਮੇਲ ਅਤੇ ਇੰਟਰਨੈਟ ਦੀਆਂ ਸਹੂਲਤਾਂ ਵਿਕਸਤ ਕਰਨੀਆਂ ਚਾਹੀਦੀਆਂ ਹਨ।

**2.6.9 ਨੈਟਵਰਕਿੰਗ ਦੇ ਪੱਧਰ (Levels of Networking) :** ਨੈਟਵਰਕਿੰਗ ਸਹੂਲਤਾਂ ਜੋ ਸੂਚਨਾ ਆਧਾਰਿਤ-ਸੰਰਚਨਾ ਦੇ ਤੌਰ ਤੇ ਵਰਤੀਆਂ ਜਾਂਦੀਆਂ ਹਨ ਨੂੰ ਅੰਤਰ ਰਾਸ਼ਟਰੀ, ਰਾਸ਼ਟਰੀ ਅਤੇ ਲੋਕਲ ਪੱਧਰ ਤੱਕ ਵਰਣਨ ਕੀਤਾ ਜਾਂਦਾ ਹੈ।

**2.6.9.1 ਅੰਤਰ ਰਾਸ਼ਟਰੀ ਨੈਟਵਰਕ :** ਅਜੋਕੇ ਕੁਝ ਸਾਲਾਂ ਵਿਚ ਅੰਤਰ ਰਾਸ਼ਟਰੀ ਪੱਧਰ ਤੇ ਆਨ ਲਾਈਨ ਨੈਟਵਰਕਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਜਿਨ੍ਹਾਂ ਵਿਚੋਂ ਕੁਝ ਹੇਠ ਲਿਖੇ ਹਨ :

(a) ਇੰਟਰਨੈਟ ਇਕ ਇਹੋ ਜਿਹਾ ਨੈਟਵਰਕ ਹੈ ਜੋ ਕਿ ਅੱਜ ਸਾਰੇ ਸੰਸਾਰ ਵਿਚ ਸਭ ਤੋਂ ਵੱਧ ਪ੍ਰਸਿੱਧ ਨੈਟਵਰਕ ਹੈ। ਇਹ ਨੈਟਵਰਕ ਪੂਰੇ ਸੰਸਾਰ ਵਿਚ ਫੈਲਿਆ ਹੋਇਆ ਹੈ। ਇਸ ਨੈਟਵਰਕ ਵਿਚ ਇਕ ਲੱਖ ਅਲੱਗ ਅਲੱਗ ਤਰ੍ਹਾਂ ਦੇ ਨੈਟਵਰਕਾਂ ਨੂੰ ਲਗਭਗ 300 ਮਿਲੀਅਨ ਲੋਕਾਂ ਦੁਆਰਾ ਵਰਤਿਆ ਜਾ ਰਿਹਾ ਹੈ। ਇਹ ਨੈਟਵਰਕ ਲਗਭਗ 250 ਦੇਸ਼ਾਂ ਨੂੰ ਆਪਸ ਵਿਚ ਜੋੜਦਾ ਹੈ। ਇੰਨੇ ਵੱਡੇ ਤੇ ਏਨੇ ਪ੍ਰਸਿੱਧ ਨੈਟਵਰਕ ਬਾਰੇ ਕੁੱਝ ਗੱਲਾਂ ਬਹੁਤ ਦਿਲਚਸਪ ਹਨ ਜਿਵੇਂ ਇਸ ਨੈਟਵਰਕ ਦਾ ਕੋਈ ਮਾਲਕ ਨਹੀਂ ਹੈ, ਹਾਂ ਇਸ ਨੂੰ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਇਸ ਨਾਲ ਜੁੜੇ ਹਰ ਨੈਟਵਰਕ ਜਾਂ ਕੰਪਿਊਟਰ ਵਰਤਣ ਵਾਲੇ ਦਾ ਇਸ ਵਿਚ ਕੁੱਝ ਹਿੱਸਾ ਹੈ। ਇਸ ਦੀ ਵਰਤੋਂ ਇਕ ਐਨਸਾਇਕਲੋਪੀਡੀਆ ਦੇ ਰੂਪ ਵਿਚ ਕੀਤੀ ਜਾ ਸਕਦੀ ਹੈ ਕਿਉਂਕਿ ਇਸ ਉੱਤੇ ਕੋਈ ਵੀ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਲਈ ਇਹ ਵਿਗਿਆਨੀਆਂ ਅਤੇ ਸਿੱਖਿਆ ਸਾਸ਼ਤਰੀਆਂ ਲਈ ਵਡਮੁੱਲਾ ਸਾਧਨ ਹੈ।

ਇੰਟਰਨੈਟ (Internet) ਸ਼ਬਦ ਆਪਸੀ ਸੰਬੰਧ (Interconnection) ਅਤੇ Networks ਸ਼ਬਦਾਂ ਤੋਂ ਮਿਲ ਕੇ ਨਿਕਲਿਆ ਹੈ। ਇੰਟਰਨੈਟ ਇਤਨਾਂ ਪ੍ਰਸਿੱਧ ਹੋ ਗਿਆ ਹੈ ਕਿ ਅੱਜ ਹਰ ਕੰਪਿਊਟਰ ਬਾਰੇ ਜਾਨਣ ਵਾਲਾ ਜਾਂ ਨਾ ਜਾਨਣ ਵਾਲਾ ਵਿਅਕਤੀ ਇਸ ਬਾਰੇ ਗੱਲ ਕਰਦਾ ਹੈ। ਲਗਭਗ ਹਰ ਅਖਬਾਰ, ਹਰ ਮੈਗਜ਼ੀਨ ਜਾਂ ਜਰਨਲ ਕੰਪਿਊਟਰ ਨਾਲ ਸੰਬੰਧਿਤ ਹੈ। ਇਸ ਲਈ ਇੰਟਰਨੈਟ ਸੂਚਨਾ ਦੇ ਨੈਟਵਰਕ ਦੀ ਦੋਬਾਰਾ ਪਰਿਭਾਸ਼ਾ ਪ੍ਰਦਾਨ ਕਰਦਾ ਹੈ। ਇਸ ਨੇ ਵਿਸ਼ਵਵਿਆਪੀ ਪੱਧਰ ਤੇ ਵਰਤੋਂਕਾਰਾਂ ਦਾ ਇਕ ਸਮੂੰਹ ਤਿਆਰ ਕੀਤਾ ਹੈ। ਇੰਟਰਨੈਟ ਦੁਆਰਾ ਲਾਇਬ੍ਰੇਰੀਆਂ ਨੂੰ ਜੋੜਨਾ ਬਹੁਤ ਆਸਾਨ ਹੈ। ਅਮੇਰੀਕਾ ਦੇ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਇਸ ਨਾਲ ਜੁੜੀਆਂ ਹਨ ਅਤੇ ਸੂਚਨਾ ਪ੍ਰਦਾਨ ਕਰਨ ਦਾ ਇਕ ਸਮਰੱਥ ਸਾਧਨ ਹੈ।

**2.6.9.2 ਨੈਟਵਰਕ ਦੁਆਰਾ ਸ੍ਰੋਤ ਅਤੇ ਸੇਵਾਵਾਂ (Resources and Services through Internet) :** ਇੰਟਰਨੈਟ ਇਕ,ਵੱਡੇ ਆਕਾਰ ਵਾਲੀ, ਖੋਜਣ ਯੋਗ, ਗਤੀਸ਼ੀਲ ਸੂਚਨਾ ਪ੍ਰਣਾਲੀ ਹੈ ਜਿਸ ਵਿਚ ਸੂਚਨਾ ਸ੍ਰੋਤਾ ਤਕ ਪਹੁੰਚਣ ਅਤੇ ਵਰਤੋਂ ਕਰਨ ਦੀ ਵਿਆਪਕ ਸਮਰਥਾ ਹੈ। ਬੇਸ਼ੱਕ ਉਪਲਬਧ ਸ੍ਰੋਤ ਲਗਾਤਾਰ ਬਦਲਦੇ ਰਹਿੰਦੇ ਹਨ ਪਰ ਫਿਰ ਵੀ ਡਾਟਾਬੇਸ ਅਤੇ ਸੇਵਾਵਾਂ ਦੀਆਂ ਕਿਸਮਾਂ ਦੀ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :

(i) **ਈ-ਮੇਲ :** ਇਹ ਯੂਜ਼ਰਾਂ ਨੂੰ ਇਕ ਦੂਸਰੇ ਤੱਕ ਸੰਦੇਸ਼ ਜਾਂ ਫਾਈਲਾਂ ਪਹੁੰਚਾਣ ਵਿਚ ਮਦਦ ਕਰਦੀ ਹੈ;

(ii) **ਖਬਰਾਂ** (News) : ਇਹ ਵਰਤੋਂਕਾਰਾਂ ਨੂੰ ਉਪਲਬਧ ਸੂਚਨਾ ਸੰਬੰਧੀ ਸੂਚਿਤ ਕਰਦੀਆਂ ਹਨ;

(iii) **ਰੀਮੋਟ ਲਾਗ ਇਨ** Remote Log in : ਇਹ ਵਰਤੋਂਕਾਰਾਂ ਨੂੰ ਦੂਰ ਦੁਰਾਡੇ ਦੀਆਂ ਸਾਈਟਾਂ ਤੋਂ ਸੂਚਨਾ ਆਪਣੇ ਕੰਪਿਊਟਰ ਸਿਸਟਮਾਂ ਵਿਚ ਪ੍ਰਾਪਤ ਕਰਨ ਦੇ ਯੋਗ ਬਣਾਈਆਂ ਗਈਆਂ ਹਨ;

(iv) **ਐਫ.ਟੀ.ਪੀ.**FTP : ਇਸ ਨਾਲ ਇਕ ਕੰਪਿਊਟਰ ਤੋਂ ਦੂਜੇ ਕੰਪਿਊਟਰ ਤੇ ਕਾਪੀ ਕੀਤੀ ਜਾਂਦੀ ਹੈ;

### 2.6.9.1.3 ਇੰਟਰਨੇਟ ਦੀਆਂ ਸੂਚਨਾ ਸੇਵਾਵਾਂ (Information Services of internet)

(i) ਸ੍ਰੋਤੇ ਅਤੇ ਵਾਰਤਾਲਾਪੀ ਸਮੂਹ ਜਿਹੜੇ ਕਈ ਵਿਸ਼ਿਆਂ ਉੱਪਰ ਗੱਲਬਾਤ ਕਰਦੇ ਹਨ। ਜਿਨ੍ਹਾਂ ਨਾਲ ਇਸ ਵਿਚ ਭਾਗ ਲੈਣ ਵਾਲੀਆਂ ਲਾਇਬ੍ਰੇਰੀਆਂ ਚਲੰਤ ਸੂਚਨਾ ਦਾ ਵਟਾਂਦਰਾ ਕਰ ਸਕਦੀਆਂ ਹਨ।

(ii) ਵਿਸ਼ਾ ਡਾਟਾਬੇਸ ਖਾਸ ਤੌਰ ਤੇ ਵੱਖ-ਵੱਖ ਵਿਸ਼ਾ ਖੇਤਰਾਂ ਦੇ ਵਿਦਿਅਕ ਸੰਸਥਾਵਾਂ ਨਾਲ ਸੰਬੰਧਤ।

(iii) ਵੱਖ-ਵੱਖ ਲੋਕ ਲਾਇਬ੍ਰੇਰੀਆਂ ਦੁਆਰਾ ਸਮਾਜਕ ਸਮੂਹ ਸੂਚਨਾਵਾਂ ਦਾ ਪ੍ਰਸਾਰਣ

(iv) ਵੱਖ ਵੱਖ ਪੱਧਰਾਂ ਦੇ ਸਰਕਾਰੀ ਸੂਚਨਾ ਸ੍ਰੋਤ।

(v) ਇੰਟਰਨੈਟ ਰਾਹੀ਼ ਲਾਇਬ੍ਰੇਰੀ ਕੈਟਾਲਾਗ ਉਪਲਬਧ ਕਰਾਏ ਜਾਂਦੇ ਹਨ।

(vi) ਵਪਾਰਕ ਸੂਚਨਾ ਡਾਟਾਬੇਸਾਂ ਰਾਹੀਂ ਵਪਾਰਕ ਸ੍ਰੋਤ ਉਪਲਬਧ ਹੁੰਦੇ ਹਨ।

(vii) ਬੁਲੇਟਿਨ ਬੋਰਡ।

(viii) ਖਰੀਦਦਾਰੀ ਅਤੇ ਹੋਰ ਵਪਾਰਿਕ ਕਾਰੋਬਾਰ।

(ix) ਵੱਡੀਆਂ ਲਾਇਬ੍ਰੇਰੀਆਂ ਦੁਆਰਾ ਇੰਟਰਨੈਟ ਰਾਹੀ਼ ਦਸਤਾਵੇਜ਼ ਵੰਡ ਸੇਵਾ।

### 2.6.9.2 ਓ.ਸੀ.ਐਲ.ਸੀ. (ਆਨ ਲਾਈਨ ਕੰਪਿਊਟਰ ਲਾਇਬ੍ਰੇਰੀ ਸੇਵਾ)

ਓ.ਸੀ.ਐਲ.ਸੀ. ਨੇ 1967 ਵਿਚ ਆਪਣਾ ਕੰਮ ਸ਼ੁਰੂ ਕੀਤਾ ਤੇ ਇਸ ਦਾ ਪਹਿਲਾ ਨਾਮ Ohio college Library Centre ਸੀ ਅਤੇ ਇਹ ਹੁਣ ਸਭ ਤੋਂ ਵੱਡਾ ਲਾਇਬ੍ਰੇਰੀ ਨੈਟਵਰਕ ਹੈ। ਇਹ ਕੰਪਿਊਟਰ ਨੈਟਵਰਕ ਬਹੁਤ ਸਾਰੇ ਖੇਤਰੀ ਲਾਇਬ੍ਰੇਰੀ ਨੈਟਵਰਕਾਂ ਨਾਲ ਆਪਸ ਵਿਚ ਜੁੜਿਆ ਹੈ, ਅਤੇ ਇਹ ਜ਼ਿਆਦਾਤਰ ਅਮਰੀਕਾ ਅਤੇ ਕੁੱਝ ਕਨੇਡਾ ਦੇ ਰਾਜਾਂ ਤੱਕ ਪਹੁੰਚ ਸਕਦਾ ਹੈ। ਹੁਣ ਇਸ ਦੇ ਮੈਂਬਰਾਂ (Members) ਦੀ ਪਹੁੰਚ ਲਿਸਟ ਅੰਤਰ ਰਾਸ਼ਟਰੀ ਬਣ ਗਈ ਹੈ। ਜਿਸ ਵਿਚ ਯੂਰਪ ਅਤੇ ਦੂਰ ਪੂਰਬ ਦੇਸ਼ ਵੀ ਹਨ। ਇਸ ਕੋਲ ਮਾਰਕ ਫਾਰਮੇਟ ਡਾਟਾ ਰਿਕਾਰਡ ਦਾ ਬਹੁਤ ਵੱਡਾ ਡਾਟਾਬੇਸ ਹੈ ਜਿਸ ਰਾਹੀਂ ਹਵਾਲਾ ਅਤੇ ਅੰਤਰ ਲਾਇਬ੍ਰੇਰੀ ਉਧਾਰ ਸੇਵਾ ਦੇ ਉਦੇਸ਼ ਤੇ ਵੱਡੀ ਗਿਣਤੀ ਵਿਚ ਲਾਇਬ੍ਰੇਰੀਆਂ ਲਈ ਬਿਬਲੋਗ੍ਰਾਫੀ ਡਾਟਾਬੇਸ ਪੈਦਾ ਕਰਦਾ ਹੈ।

ਇਸ ਦੀ ਸਭ ਤੋਂ ਵੱਡੀ ਮਹੱਤਵਪੂਰਣ ਵਿਸ਼ੇਸ਼ਤਾ ਇਹ ਹੈ ਕਿ ਵਿਅਕਤੀਗਤ ਲਾਇਬ੍ਰੇਰੀਆਂ ਦੇ ਨਾਲ ਸ੍ਰੋਤਾਂ ਦੀ ਵੰਡ ਕਰਕੇ ਅਤੇ ਕੇਟਾਲਾਗ ਕਾਰਡਾਂ ਦੀ ਕੀਮਤਾਂ ਦੀ ਬੱਚਤ ਕਰਦਾ ਹੋਇਆ ਇਕ ਤੇਜ਼ ਰਫਤਾਰੀ ਸੂਚਨਾ ਮੁੜ-ਪ੍ਰਾਪਤੀ ਯਕੀਨੀ ਬਣਾਉਂਦਾ ਹੈ। OCLC ਦੀਆਂ ਬਾਹਰੀ ਮੈਂਬਰ ਲਾਇਬ੍ਰੇਰੀਆ ਸਿਰਫ ਇਕ ਸਾਧਾਰਨ ਕੰਪਿਊਟਰ ਦੀ ਕਮਾਂਡ ਦੇ ਕੇ ਲੱਖਾਂ ਕਿਤਾਬਾਂ ਦੀ ਸੂਚਨਾਂ ਪ੍ਰਾਪਤ ਕਰ ਸਕਦੀਆਂ ਹਨ। OCLC ਹੇਠ ਲਿਖੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਕੰਮ ਕਰਦੀ ਹੈ।

(i) ਲਾਇਬ੍ਰੇਰੀ ਵਰਤੋਂਕਾਰਾਂ ਲਈ ਲਾਇਬ੍ਰੇਰੀ ਸ੍ਰੋਤਾਂ ਦੀ ਉਪਲਬਧਤਾ ਵਿਚ ਵਾਧਾ ਕਰਨਾ।

(ii) ਮੈਂਬਰ ਲਾਇਬ੍ਰੇਰੀਆਂ ਦੀ ਪ੍ਰਤੀ ਇਕਾਈ ਇਸਤੇਮਾਲ ਕੀਮਤ ਨੂੰ ਘੱਟ ਕਰਨਾ।

(iii) ਪ੍ਰਬੰਧਕੀ ਸੂਚਨਾ ਦੇਣਾ।

(iv) ਵਰਤੋਂਕਾਰਾਂ ਨੂੰ ਵਿਅਕਤੀਗਤ ਸੇਵਾ ਲੈਣ ਯੋਗ ਬਣਾਉਣਾ।

(v) ਵਰਤੋਂਕਾਰਾਂ ਅਤੇ ਲਾਇਬ੍ਰੇਰੀ ਕਰਮਚਾਰੀਆਂ ਨੂੰ ਲਗਾਤਰ ਅਤੇ ਇਕਸਾਰ ਸੂਚਨਾ ਦੇਣਾ ਜਦੋਂ ਵੀ ਉਨਾਂ ਨੂੰ ਜ਼ਰੂਰਤ ਹੁੰਦੀ ਹੈ।

ਇਸ ਤੋਂ ਇਲਾਵਾ ਅੰਤਰ ਰਾਸ਼ਟਰੀ ਪੱਧਰ ਤੇ ਸੂਚਨਾ ਅਧਾਰਿਤ ਸੰਰਚਨਾ ਦੇਣ ਵਾਲੇ ਕੁੱਝ ਹੋਰ ਨੈਟਵਰਕ ਜਿਵੇਂ ਬਲੇਜ਼ (BLAISE) ਆਦਿ ਵੀ ਹਨ।

**2.6.9.3 ਰਾਸ਼ਟਰੀ ਨੈਟਵਰਕ (National Network) :** ਸੂਚਨਾ ਅਧਾਰਿਤ ਸੰਰਚਨਾ ਪ੍ਰਦਾਨ ਕਰਨ ਲਈ ਅਜੋਕੇ ਸਾਲਾਂ ਵਿਚ ਰਾਸ਼ਟਰੀ ਪੱਧਰ ਤੇ ਲਾਇਬ੍ਰੇਰੀ ਸੂਚਨਾ ਨੈਟਵਰਕਾਂ ਦਾ ਵੀ ਵਿਕਾਸ ਹੋਇਆ ਹੈ। ਜਿਨ੍ਹਾਂ ਵਿਚ ਕੁੱਝ ਹੇਠ ਲਿਖੇ ਹਨ :

**2.6.9.3.1 ਇਨਫਲਿਬੀਨੈਟ (Inflibnet) :** ਯੂ.ਜੀ.ਸੀ. ਦੁਆਰਾ ਇਨਫਲਿਬਨੈਟ ਦੀ ਸਥਾਪਨਾ ਖੁਦਮੁਖਤਿਆਰ ਇੰਟਰ ਯੂਨੀਵਰਸਿਟੀ ਸੈਂਟਰ ਦੇ ਤੌਰ ਤੇ 1991 ਵਿਚ ਕੀਤੀ ਗਈ ਅਤੇ ਇਸ ਦਾ ਮੁੱਖ ਦਫਤਰ ਗੁਜਰਾਤ ਯੂਨੀਵਰਸਿਟੀ ਅਹਿਮਦਾਬਾਦ ਵਿਖੇ ਹੈ।

ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਦੀ ਕੰਪਿਊਟਰ ਅਤੇ ਸੰਚਾਰਣ ਟੈਕਨਾਲੋਜੀ ਦੀ ਉਪਲੱਬਧੀ ਦੇ ਮਹੱਤਵਪੂਰਣ ਪ੍ਰਭਾਵ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਦੇ ਨੈਟਵਰਕ ਦੀ ਭਾਰਤ ਵਿਚ ਲੋੜ ਮਹਿਸੂਸ ਕੀਤੀ ਗਈ।ਇਹ ਚਾਰ ਪੱਧਰਾਂ ਤੇ ਕੰਮ ਕਰਦਾ ਹੈ। ਇਨਫਲਿਬਨੈਟ ਦੀ ਸੰਰਚਨਾ ਹੇਠ ਲਿਖੇ ਚਾਰ ਪੱਧਰਾ ਤੇ ਉਸਾਰੀ ਗਈ ਹੈ।

(i) **ਰਾਸ਼ਟਰੀ ਪੱਧਰ :** ਰਾਸ਼ਟਰੀ ਪੱਧਰ ਤੇ ਸਥਾਪਿਤ ਕੀਤਾ ਗਿਆ ਕੇਂਦਰ ਨੈਟਵਰਕ ਦੀ ਕਾਰਵਾਈਆਂ ਅਤੇ ਸੇਵਾਵਾਂ ਵਿਚ ਤਾਲਮੇਲ ਰਖੇਗਾ ਅਤੇ ਨੈਟਵਰਕ ਨਾਲ ਸੰਬੰਧਤ ਨੀਤੀਗਤ ਫੈਸਲੇ ਕਰੇਗਾ।

(ii) **ਖੇਤਰੀ ਪੱਧਰ :** ਦੇਸ਼ ਦੇ ਉਤਰੀ, ਪੂਰਬੀ, ਦੱਖਣੀ ਅਤੇ ਪੱਛਮੀ ਖੇਤਰਾਂ ਵਿਚ ਚਾਰ ਖੇਤਰੀ ਪੱਧਰ ਦੇ ਕੇਂਦਰ ਯੂਨੀਵਰਸਿਟੀ ਲਾਇਬ੍ਰੇਰੀਆਂ ਵਿਚ ਖੋਲ੍ਹੇ ਗਏ ਹਨ ਜਿਹੜੇ ਕਿ ਖੇਤਰੀ ਕੇਂਦਰੀ ਕੈਟਾਲਾਗ ਤਿਆਰ ਕਰਦੇ ਹਨ।

(iii) **ਸੈਕਟਰ-ਪੱਧਰ :** ਵਿਸ਼ੇਸ਼ ਦਰਜਾ ਪ੍ਰਾਪਤ ਸੰਸਥਾਵਾਂ ਵਿਚ ਸੈਕਟਰ ਪੱਧਰ ਦੇ ਕੇਂਦਰ ਖੋਲ੍ਹੇ ਗਏ ਹਨ; ਜਿਵੇਂ ਕਿ ਸੀ. ਐਸ. ਆਈ. ਆਰ. ਅਤੇ ਇਹ ਵਿਸ਼ੇਸ਼ ਵਿਸ਼ਿਆਂ ਵਿਚ ਡਾਟਾਬੇਸ ਤਿਆਰ ਕਰਨਗੇ।

(iv) **ਸਥਾਨਕ ਪੱਧਰ :** ਸਥਾਨਕ ਪੱਧਰ ਦੇ ਕੇਂਦਰ ਯੂਨੀਵਰਸਿਟੀਆਂ, ਕਾਲਜਾਂ ਅਤੇ ਰਿਸਰਚ ਐਂਡ ਡਿਵਲੈਪਮੈਂਟ-ਕੇਂਦਰਾਂ ਵਿਚ ਸਥਾਪਿਤ ਕੀਤੇ ਜਾਣਗੇ, ਜਿਹੜੇ ਕਿ ਅੰਤਿਮ ਵਰਤਣ ਵਾਲਿਆਂ ਨੂੰ ਸੇਵਾ ਦੇਣਗੇ।

1996 ਵਿਚ ਰੀਵੀਊ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਕੀਤੀ ਸੀ ਜਿਸ ਵਿਚ ਹੇਠ ਲਿਖੀ ਪ੍ਰਾਪਤੀਆਂ ਦੀ ਲਿਸਟ ਪੇਸ਼ ਕੀਤੀ ਗਈ ਹੈ :

(i) ਯੂਨੀਅਨ ਕੈਟਾਲਾਗ ਆਧਾਰਿਤ ਸੇਵਾਵਾਂ ਵਿਚ ਕੇਵਲ 50,000 ਰਿਕਾਰਡ ਹਨ ਜਦੋਂ ਕਿ 1,31,57,384 ਰਿਕਾਰਡ 157 ਯੂਨੀਵਰਸਿਟੀਆਂ ਦੀਆਂ ਪੁਸਤਕਾਂ ਦਾ ਹੈ।

(ii) ਦੁਨੀਆ ਭਰ ਵਿਚ ਲਗਭਗ 65,000 ਖੋਜ ਲੇਖਾਂ ਅਤੇ ਅਭਿਲੇਖਾ ਦੇ ਰਿਕਾਰਡ ਯੂਨੀਵਰਸਿਟੀਆਂ ਵਿਚੋਂ ਪ੍ਰਾਪਤ ਜਾਣਕਾਰੀ ਸ਼ਾਮਿਲ ਕਰਕੇ ਇਹ ਵਿਆਪਕ ਸ੍ਰੋਤ ਬਣ ਜਾਂਦਾ ਹੈ।

(iii) ਇਸ ਵਿਚ 38,000 ਤੋਂ ਉੱਪਰ ਕੰਪਨੀਆਂ ਅਤੇ 10,000 ਤੋਂ ਵੱਧ ਉਤਪਾਦਾਂ ਬਾਰੇ ਵਿਸ਼ਾਲ ਡਾਟਾਬੇਸ ਹੈ।

(iv) ਇਹ ਡਾਟਾਬੇਸ 1999 ਤੋਂ ਫਲਾਪੀਆਂ ਉੱਪਰ ਤਿਆਰ ਕੀਤਾ ਜਾ ਰਿਹਾ ਹੈ। ਇਹ CAS ਵਾਸਤੇ ਲਾਹੇਵੰਦ ਹੈ।

ਇਨਫਲਿਬਨੈਟ ਨੇ ਯੂਨੀਵਰਸਿਟੀਆਂ ਦੇ ਹੋਰ ਅਕਾਦਮਿਕ ਅਦਾਰਿਆਂ ਵਿਚ ਕੰਮ ਕਰਦੇ ਵਿਸ਼ੇਸ਼ਗਾਂ ਦਾ ਇਕ ਡਾਟਾਬੇਸ ਸਿਰਜਿਆ ਹੈ। ਇਸ ਵਿਚ ਉਨ੍ਹਾਂ ਦੇ ਕੰਮ ਬਾਰੇ ਪੂਰੀ ਜਾਣਕਾਰੀ, ਪ੍ਰਕਾਸ਼ਿਤ ਲੇਖ, ਪ੍ਰਕਾਸ਼ਿਤ ਪੁਸਤਕਾਂ, ਕਾਨਫਰੰਸਾਂ, ਸੈਮੀਨਾਰ ਆਦਿ ਬਾਰੇ ਸੂਚਨਾ ਸ਼ਾਮਿਲ ਕੀਤੀ ਗਈ ਹੈ।

ਇਨਫਲਿਬਨੈਟ ਇਕ ਬਹੁ ਕਾਰਜੀ ਨੈਟਵਰਕ ਹੈ। ਇਹ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ :

(i) ਕੈਟਾਲਾਗ ਆਧਾਰਿਤ ਸੇਵਾਵਾਂ।

(ii) ਡਾਟਾਬੇਸ ਸੇਵਾਵਾਂ।

(iii) ਪ੍ਰਲੇਖ ਪੂਰਤੀ ਸੇਵਾ।

(iv) ਸੰਗ੍ਰਹਿ ਵਿਕਾਸ।

(v) ਸੰਚਾਰਣ ਆਧਾਰਿਤ ਸੇਵਾ।

(vi) COPSAT ਸੇਵਾ।

Inflibnet ਆਪਣੀਆਂ ਗਤੀਵਿਧੀਆਂ ਦਾ ਲੇਖਾ ਜੋਖਾ ਕਰਨ ਲਈ INFLIBNET NEWSLETTER 'Quarterly' ਛਾਪਦੀ ਹੈ। ਹੋਰ ਜਾਣਕਾਰੀ ਲਈ Website : www.inflibnet.ac.in ਵੇਖੋ।

**2.6.9.3.1 ਇਨਫਲਿਬੀਨੈਟ (Inflibnet)** ਦੀਆਂ ਪ੍ਰਕਾਸ਼ਨਾਵਾਂ :

1. Annual Report : ਹਰ ਸਾਲ ਦੀ ਇੱਕ ਸਲਾਨਾ ਰਿਪੋਰਟ ਛਪਦੀ ਹੈ।
2. Inflibnet Newsletter : ਇਹ ਇਨਫਲਿਬਨੈਟ ਦੀ ਤਿਮਾਹੀ ਪ੍ਰਕਾਸ਼ਨਾ ਹੈ।
3. Proceedings of Annual Conventions Planner and Caliber

**2.6.9.4 ਸਥਾਨਕ ਪੱਧਰ**

**2.6.9.4.1 ਡੈਲਨੈਟ (DELNET) :** 1988 ਵਿਚ ਲਾਇਬ੍ਰੇਰੀਅਨਾਂ ਅਤੇ ਵਿਦਵਾਨਾਂ ਵਿਚ ਇੱਕ ਬੈਠਕ ਹੋਈ ਅਤੇ ਦਿੱਲੀ ਦੀਆਂ ਲਾਇਬ੍ਰੇਰੀਆਂ ਦੀ ਨੈਟਵਰਕਿੰਗ ਲਈ ਇਕ ਕਮੇਟੀ ਬਣਾ ਕੇ ਲੋੜੀਂਦੇ ਮੁੱਢਲੇ ਸਾਜੋ ਸਮਾਨ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ। ਇਸ ਪ੍ਰਕਾਰ 18 ਲਾਇਬ੍ਰੇਰੀਆਂ ਨਾਲ 1992 ਵਿਚ DELNET ਹੋਂਦ ਵਿਚ ਆਇਆ। ਪਹਿਲਾਂ ਇਸ ਦਾ ਨਾਮ ਦਿੱਲੀ ਲਾਇਬ੍ਰੇਰੀ ਨੈਟਵਰਕ ਰੱਖਿਆ ਗਿਆ ਸੀ, ਪਰ ਸਤੰਬਰ 2000 ਵਿੱਚ ਇਸ ਦਾ ਨਾਮ ਡਵੈਲਪਿੰਗ ਲਾਇਬ੍ਰੇਰੀ ਨੈਟਵਰਕ ਕਰ ਦਿੱਤਾ ਗਿਆ। ਹੁਣ ਡੈਲਨੈਟ ਦਾ ਖੇਤਰ ਦਿੱਲੀ ਤਕ ਹੀ ਸੀਮਤ ਨਾ ਰਹਿ ਕੇ ਵਿਆਪਕ ਹੋ ਗਿਆ ਹੈ। ਪਹਿਲਾਂ ਇਸਨੂੰ NISSAT ਤੋਂ ਸਹਾਇਤਾ ਮਿਲਦੀ ਸੀ ਪਰ ਹੁਣ ਇਸਨੂੰ ਨੈਸ਼ਨਲ ਇਨਫਰਮੇਸ਼ਨ ਸੈਂਟਰ ਡਿਪਾਰਟਮੈਂਟ ਆਫ਼ ਇਨਫਰਮੇਸ਼ਨ ਟੈਕਨਾਲੋਜੀ ਅਤੇ ਮਨਿਸਟਰੀ ਆਫ਼ ਕਲਚਰਲ, ਭਾਰਤ ਸਰਕਾਰ ਵੱਲੋਂ ਸਹਾਇਤਾ ਪ੍ਰਾਪਤ ਹੁੰਦੀ ਹੈ। ਨਵੰਬਰ 2020 ਤੱਕ ਡੈਲਨੈਟ ਦੀਆਂ 6992 ਲਾਇਬ੍ਰੇਰੀਆਂ ਮੈਂਬਰ ਹਨ, ਇਨ੍ਹਾਂ ਵਿੱਚੋਂ 291 ਲਾਇਬ੍ਰੇਰੀਆਂ ਦਿੱਲੀ ਦੀਆਂ ਅਤੇ 6679 ਦਿੱਲੀ ਤੋਂ ਬਾਹਰ ਦੀਆਂ ਲਾਇਬ੍ਰੇਰੀਆਂ ਮੈਂਬਰ ਹਨ। ਇਸ ਵਿੱਚ 22 ਲਾਇਬ੍ਰੇਰੀਆਂ ਬਾਹਰਲੇ ਦੇਸ਼ਾਂ ਦੀਆਂ ਵੀ ਮੈਂਬਰ ਹਨ। ਇਸ ਦੀ ਗਵਰਨਿੰਗ ਬੋਰਡ ਦੇ ਮੈਂਬਰ 2020-22 ਲਈ ਡਾ. ਜੈ ਕੁਮਾਰ (ਆਈ.ਏ.ਐਸ.) ਪ੍ਰੈਜ਼ੀਡੈਂਟ ਹਨ।

**ਡੈਲਨੈਟ ਦੀਆਂ ਪ੍ਰਕਾਸ਼ਨਾਵਾਂ :**

ਇਹ ਪੂਰੇ ਸਾਲ ਦੀ ਆਪਣੀ ਕਾਰਗੁਜ਼ਾਰੀ ਦਾ ਲੇਖਾ ਜੋਖਾ NACLIN (National Cenvention and Information Networking) ਵਿੱਚ ਦਿੰਦੀ ਹੈ। NACLIN 2017 ਤਿਆਰ ਛਾਪ ਦਿੱਤੀ ਹੈ। DelNet Newsletter ਵੀ ਛਾਪਿਆ ਜਾਂਦਾ ਹੈ। ਜਿਹੜਾ ਕਿ ਦਸੰਬਰ ਵਿੱਚ ਛਪ ਜਾਂਦਾ ਹੈ। ਹੁਣ DElNET Newsletter DEC 2016 ਛਪ ਚੁੱਕਿਆ ਹੈ। DELNET ਵੱਲੋਂ ਡਾਇਰੈਕਟਰ ਰਿਪੋਰਟ 2015-16 ਵੀ ਤਿਆਰ ਹੋ ਚੁੱਕੀ ਹੈ। ਇਹ ਵੀ ਹਰ ਸਾਲ ਛਪਦੀ ਹੈ।

**DELNET ਡਾਟਾਬੇਸ :**

ਜੁਲਾਈ 2019 ਤੱਕ ਡੈਲਨੈਟ ਦੇ ਡੈਟਾਬੇਸ ਦੇ ਹੇਠ ਲਿਖੇ ਰਿਕਾਰਡ ਉਪਲਬਧ ਹਨ :

(1) Union Catalogue of Books : ਡੈਲਨੈਟ ਆਪਣੀਆਂ ਮੈਂਬਰ ਲਾਇਬ੍ਰੇਰੀਆਂ ਦੇ ਕੈਟਾਲਾਗ ਇਕੱਠੇ ਕਰਕੇ ਛਾਪਦੀ ਹੈ। ਹੁਣ ਤੱਕ ਇਸ ਦੀਆਂ ਆਪਣੀਆਂ ਮੈਂਬਰ ਲਾਇਬ੍ਰੇਰੀਆਂ ਦੇ 2,92,70,150 ਰਿਕਾਰਡ ਹੋ ਗਏ ਹਨ।

(2) Union List of Current Perodicls : ਡੈਲਨੈਟ ਸਾਇੰਸ ਤੇ ਟੈਕਨਾਲੋਜੀ, ਸਮਾਜ ਵਿਗਿਆਨ ਆਦਿ ਵਿਸ਼ਿਆਂ ਦੇ ਰਸਾਲੇ ਇਕੱਠੇ ਕਰਕੇ ਛਾਪਦੇ ਹਨ, ਜਿਹੜੇ ਕਿ ਹੁਣ ਤੱਕ 38,184 ਰਸਾਲਿਆਂ ਦਾ ਰਿਕਾਰਡ ਬਣ ਚੁੱਕਾ ਹੈ।

(3) Database of Periodical Articles ਹੁਣ ਤੱਕ 11,06,228 ਰਸਾਲਿਆਂ ਦੇ ਆਰਟੀਕਲ ਦਾ ਰਿਕਾਰਡ ਬਣ ਚੁੱਕਾ ਹੈ।

(4) Union Catalogue of Periodicals : ਹੁਣ ਤੱਕ 37,847 ਰਸਾਲਿਆਂ ਦਾ ਰਿਕਾਰਡ ਬਣ ਚੁੱਕਾ ਹੈ।

(5) CD-Rom Database - 61,750

(6) Union List of Video Recording - 6000

(7) Union List of Sound Recording - 1025

(8) Database of Thesis and Dissertations ਦਾ ਰਿਕਾਰਡ 1,30,753 ਬਣ ਚੁੱਕਾ ਹੈ।

(9) Union List of Newspapers

(10) Database of E-Books ਲੱਗਭਗ 1613 ਪੁਸਤਕਾਂ ਦਾ ਰਿਕਾਰਡ ਬਣ ਚੁੱਕਾ ਹੈ।
ਡੈਲਟੈਟ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਹੇਠ ਲਿਖੀ Website ਵੇਖੋ :
Website : www.delnet.nic.in

**ਗੁਣ (Features)**

(i) ਕਿਤਾਬਾਂ ਦੀ ਕੇਂਦਰੀ ਸੂਚੀ।

(ii) ਪੀਰੀਆਡੀਕਲ ਦੀ ਕੇਂਦਰੀ ਸੂਚੀ (116 ਲਾਇਬ੍ਰੇਰੀਆਂ ਦੀ)

  (a) ਸਾਇੰਸ ਪੀਰੀਆਡੀਕਲਾਂ ਦੀ ਕੇਂਦਰੀ ਸੂਚੀ।

  (b) ਸਮਾਜਿਕ ਵਿਗਿਆਨ ਪੀਰੀਆਡੀਕਲਾਂ ਦੀ ਕੇਂਦਰੀ ਸੂਚੀ।

  (c) ਮਾਨਵਿਕੀ ਵਿਸ਼ੇ ਦੇ ਪੀਰੀਆਡੀਕਲਾਂ ਦੀ ਕੇਂਦਰੀ ਸੂਚੀ।

(iii) ਵਿਸ਼ੇਸ਼ੀਕ੍ਰਿਤ ਡਾਟਾਬੇਸ

(iv) ਆਰਟੀਕਲਾਂ ਦਾ ਡਾਟਾਬੇਸ

(v) ਪੀਰੀਆਡੀਕਲਾਂ ਦੀ ਕੇਂਦਰੀ ਸੂਚੀ

(vi) ਭਾਸ਼ਾਗਤ ਪ੍ਰਕਾਸ਼ਨਾਂ ਦਾ ਡਾਟਾਬੇਸ।

(vii) DELSIS ਜਿਹੜਾ ਕਿ Basis Plus ਉੱਪਰ ਆਧਾਰਿਤ ਨੈਟਵਰਕਿੰਗ ਸਾਫਟ ਵੇਅਰ ਹੈ। DELNET ਦੁਆਰਾ ਬਿਬਲੋਗ੍ਰਾਫਿਕ ਰਿਕਾਰਡਾਂ ਦੀ ਮੁੜ-ਪ੍ਰਾਪਤੀ ਲਈ ਵਿਕਸਿਤ ਕੀਤਾ ਗਿਆ ਹੈ।

(viii) ਡੈਲਨੈਟ ਉੱਪਰ ਉੱਪਲਬਧ ਇੰਟਰਨੈਟ ਬਾਰੇ ਅਤੇ ਈ-ਮੇਲ ਸਹੂਲਤਾਂ ਮੈਂਬਰਾਂ ਦੁਆਰਾ ਵਰਤੀਆਂ ਜਾਂਦੀਆਂ ਹਨ।

(ix) ਇਸ ਨੇ ਆਪਣਾ ਇਕੋ ਹੋਮ ਪੇਜ www ਉੱਤੇ ਬਣਾਇਆ ਹੈ।

(x) ਇਸ ਦੁਆਰਾ ਸਮੂਲੀਅਤ ਕਰਨ ਵਾਲੀਆਂ ਲਾਇਬ੍ਰੇਰੀਆਂ ਲਈ ਕਈ ਸਿਖਲਾਈ ਪ੍ਰੋਗਰਾਮ ਵੀ ਕੀਤੇ ਗਏ ਹਨ। ਇਥੇ ਕੁੱਝ ਹੋਰ ਵੀ ਨੈਟਵਰਕ ਹਨ ਜਿਹੜੇ ਸਥਾਨਕ ਪੱਧਰਾਂ ਤੇ ਕੰਮ ਕਰਦੇ ਹਨ ਜਿਵੇਂ ਕਿ Calibnet, Malibnet, Bonet, Adinet ਆਦਿ।

**2.6.10 ਡਿਜੀਟਲ ਲਾਇਬ੍ਰੇਰੀਆਂ (Digital Libraries) :** ਡਿਜੀਟਲ ਲਾਇਬ੍ਰੇਰੀ ਉਹ ਲਾਇਬ੍ਰੇਰੀ ਹੁੰਦੀ ਹੈ ਜਿਸ ਵਿਚ ਲਾਇਬ੍ਰੇਰੀ ਵਿਚਲੇ ਸ੍ਰੋਤਾ ਦਾ ਮਹੱਤਵਪੂਰਣ ਭਾਗ ਮਸ਼ੀਨਾਂ ਦੁਆਰਾ ਪੜ੍ਹੇ ਜਾਣ ਵਾਲੇ ਸਵਰੂਪ ਵਿਚ ਉਪਲੱਬਧ ਹੁੰਦਾ ਹੈ ਅਤੇ ਜਿਨ੍ਹਾਂ ਨੂੰ ਕੰਪਿਊਟਰ ਦੇ ਰਾਹੀਂ ਮੁੜ ਪ੍ਰਾਪਤ ਕੀਤਾ ਜਾਂਦਾ ਹੈ। ਇਹ Digital ਵਿਸ਼ਾ ਸਮੱਗਰੀ ਜਾਂ ਤਾਂ ਲੋਕਲ ਰੂਪ ਵਿਚ ਰੱਖੀ ਜਾ ਸਕਦੀ ਹੈ, ਜਾਂ ਫਿਰ ਕੰਪਿਊਟਰ ਦੁਆਰਾ ਦੂਰ ਦੁਰਾਡੇ ਦੇ ਸਥਾਨਾਂ ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਲਾਇਬ੍ਰੇਰੀ ਵਿਚ ਉਨ੍ਹਾਂ ਨੂੰ ਡਿਜੀਟਲ ਬਣਾਉਣ ਦੀ ਪ੍ਰਕਿਰਿਆ ਕੈਟਾਲਾਗ ਤੋਂ ਸ਼ੁਰੂ ਹੁੰਦੀ ਹੈ, ਤੇ ਇਹ ਪੀਰੀਆਡੀਕਲਜ਼ Index ਅਤੇ Abstract ਸੇਵਾਵਾਂ ਤੱਕ ਜਾਂਦੀ ਹੈ।

**2.6.10.1 ਪਰਿਭਾਸ਼ਾ (Definition) :** AN Yorkey (1966) ਅਨੁਸਾਰ ਡਿਜੀਟਲ ਲਾਇਬ੍ਰੇਰੀ ਉਹ ਬਿਜਲਈ ਲਾਇਬ੍ਰੇਰੀਆਂ ਹਨ ਜੋ ਕਿ ਵੱਡੇ ਅਤੇ ਸੂੱਖਮ ਬਿਜਲਈ ਸਾਧਨਾਂ ਦਾ ਖਜਾਨਾ ਹੁੰਦੀਆਂ ਹਨ। ਇਹ ਡਿਜੀਟਲ ਸਾਧਨਾਂ ਵਿਚ ਲਿਖਤ, ਚਿੱਤਰ, ਨਕਸ਼ੇ, ਧੁਨੀਆਂ, ਵੀਡੀਓਜ਼, ਕੈਟਾਲਾਗ ਅਤੇ ਇੰਡੈਕਸ ਵਪਾਰ ਅਤੇ ਸਰਕਾਰ ਦੇ ਡਾਟਾਬੇਸ ਇਨ੍ਹਾਂ ਦੇ ਨਾਲ ਨਾਲ

ਹਾਈਪਰਟੈਕਸਟ, ਹਾਈ-ਪਰਮੀਡੀਆ ਅਤੇ ਮਲਟੀਮੀਡੀਆ ਦੀਆਂ ਬਣਤਰਾਂ ਵੀ ਸ਼ਾਮਿਲ ਹੁੰਦੀਆਂ ਹਨ।

**2.6.10.2 ਡਿਜੀਟਲ ਸਮੱਗਰੀ ਦੇ ਲਾਭ (Advantage of Digital Material) :** ਇਸਦੇ ਹੇਠ ਲਿਖੇ ਲਾਭ ਹਨ :

(i) ਡਿਜੀਟਲ ਲਾਇਬ੍ਰੇਰੀ ਦੇ ਵਰਤੋਂਕਾਰਾਂ ਨੂੰ ਸਰੀਰਕ ਰੂਪ ਵਿਚ ਲਾਇਬ੍ਰੇਰੀ ਵਿਚ ਜਾਣ ਦੀ ਜ਼ਰੂਰਤ ਨਹੀਂ ਹੁੰਦੀ। ਸਾਰੇ ਸੰਸਾਰ ਦੇ ਲੋਕ ਉਨੀ ਦੂਰੀ ਤੱਕ ਇਕੋ ਜਿਹੀ ਸੂਚਨਾ ਜਿਹੀ ਪ੍ਰਾਪਤ ਕਰਦੇ ਹਨ ਜਿੰਨੀ ਦੂਰੀ ਤੱਕ ਇਨ੍ਹਾਂ ਕੋਲ ਇੰਟਰਨੈਟ ਦੇ ਕੁਨੈਕਸ਼ਨ ਉਪਲੱਬਧ ਹੋਣ।

(ii) ਇਸ ਦਾ ਬਹੁਤ ਵੱਡਾ ਫਾਇਦਾ ਇਹ ਹੈ ਕਿ ਸਾਰੇ ਸੰਸਾਰ ਵਿਚ ਰਹਿੰਦੇ ਲੋਕ ਜਿਥੋਂ ਤੱਕ ਅਤੇ ਜਿੰਨੇ ਸਮੇਂ ਤੱਕ ਇੰਟਰਨੈਟ ਦਾ ਕੁਨੈਕਸ਼ਨ ਉਪਲਬਧ ਹੈ ਕਿਸੇ ਵੀ ਸਮੇਂ ਸੂਚਨਾ ਪ੍ਰਾਪਤ ਕਰ ਸਕਦੇ ਹਨ।

(iii) ਡੀ.ਐਲ (DL)ਬਹੁਤ ਉੱਚੇ ਦਰਜੇ ਦੀ ਵਿਸ਼ਾ ਸਮੱਗਰੀ ਤੱਕ ਪਹੁੰਚ ਹੋਰ ਵੀ ਸੁਚਾਰੂ ਅਤੇ ਢਾਂਚਾਗਤ ਰੂਪ ਵਿਚ ਉਪਲਬਧ ਕਰਾਉਂਦੀ ਹੈ। ਭਾਵ ਅਸੀਂ ਇਕ ਸੂਚੀ ਤੋਂ ਅੱਗੇ ਵਿਸ਼ੇਸ਼ ਕਿਤਾਬਾਂ ਅਤੇ ਇਸ ਤੋਂ ਅੱਗੇ ਵਿਸ਼ੇਸ਼ ਅਧਿਆਏ ਤੱਕ ਅਤੇ ਅੱਗੇ ਦੀ ਅੱਗੇ ਬਹੁਤ ਆਸਾਨੀ ਨਾਲ ਪਹੁੰਚ ਸਕਦੇ ਹਾਂ।

(iv) ਕੀਮਤ ਅਤੇ ਸਮੇਂ ਦੀ ਬਹੁਤ ਬਚਤ ਹੁੰਦੀ ਹੈ।

**2.6.10.3 ਮੰਤਵ (Purpose)**

(i) ਡਿਜੀਟਲ ਰੂਪ ਵਿਚ ਸੂਚਨਾ ਅਤੇ ਗਿਆਨ ਨੂੰ ਇਕੱਠਾ ਕਰਨ, ਸਟੋਰ ਕਰਨ ਅਤੇ ਸੰਗਠਿਤ ਕਰਨ ਲਈ ਪ੍ਰਣਾਲੀਬੱਧ ਸਾਧਨਾਂ ਦਾ ਵਿਕਾਸ ਕਰਨਾ;

(ii) ਸਭ ਲਈ ਸੂਚਨਾ ਦੀ ਕਿਫਾਇਤੀ ਤੇ ਕੁਸ਼ਲ ਪਹੁੰਚ ਨੂੰ ਵਧਾਉਣਾ;

(iii) ਕੰਪਿਊਟਰੀਕ੍ਰਿਤ ਅਤੇ ਸੰਚਾਰ ਨੈਟਵਰਕਾਂ ਵਿਚ ਸੰਯੁਕਤ ਯਤਨਾਂ ਨੂੰ ਹੌਂਸਲਾ ਦੇ ਕੇ ਇਸ ਖੇਤਰ ਵਿਚ ਖੋਜ ਪੂੰਜੀ ਨੂੰ ਵਧਾਉਣ; ਅਤੇ

(iv) ਸਰਕਾਰ, ਖੋਜ ਸੰਸਥਾਵਾਂ ਅਤੇ ਸਿੱਖਿਆ ਸੰਸਥਾਵਾਂ ਨੂੰ ਇਕੱਠਾ ਕਰਨ ਅਤੇ ਸੂਚਨਾ ਉਪਲੱਬਧੀ ਵਿਚ ਮਜ਼ਬੂਤੀ ਦੇਣ ਦਾ ਯਤਨ ਕਰਨਾ।

ਬੇਸ਼ੱਕ ਡਿਜੀਟਲ ਲਾਇਬ੍ਰੇਰੀ ਦੇ ਖੇਤਰ ਵਿਚ ਬਹੁਤ ਸਾਰਾ ਵਿਕਾਸ ਹੋ ਚੁੱਕਾ ਹੈ ਪਰੰਤੂ ਇਹ ਅਜੇ ਤੱਕ ਇਸ ਪ੍ਰਕਿਰਿਆ ਦੀ ਮੁੱਢਲੀ ਸਟੇਜ ਉਪਰ ਹੀ ਹਨ। ਇਸ ਖੇਤਰ ਵਿਚ ਵੱਡੇ ਵਿਕਾਸ ਕਰਨ ਲਈ ਖੋਜ ਜਾਰੀ ਰਖਣ ਦੀ ਲੋੜ ਹੈ। ਕੰਪਿਊਟਰ ਅਤੇ ਕੰਪਿਊਟਰੀਕਰਣ ਕਰਕੇ ਵੱਡੇ ਪੱਧਰ ਤੇ ਨੈਟਵਰਕਿੰਗ ਦਾ ਕੰਮ ਪਹਿਲਾਂ ਤੋਂ ਕੀਤਾ ਜਾ ਰਿਹਾ ਹੈ।

ਉੱਪਰ ਦਿੱਤੇ ਵਰਣਨ ਤੋਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਿਥਵੀ ਦੇ ਚਾਰ ਚੁਫੇਰੇ ਬਹੁਤ ਸਾਰੇ ਦੇਸ਼ ਸੂਚਨਾ ਅਤੇ ਸੰਚਾਰ ਟੈਕਨਾਲੋਜੀ ਦੇ ਵਿਕਾਸ ਤੇਜ਼ ਕਰ ਰਹੇ ਹਨ। ਇਨ੍ਹਾਂ ਦੇਸ਼ਾਂ ਨੇ ਰਾਸ਼ਟਰੀ ਸੂਚਨਾ ਆਧਾਰਿਤ ਸੰਰਚਨਾ ਪ੍ਰੋਗਰਾਮ ਸ਼ੁਰੂ ਕੀਤੇ ਹੋਏ ਹਨ ਅਤੇ ਖੋਜ ਵਿਕਾਸ ਲਈ ਸਹਾਇਕ ਯੰਤਰ ਵਿਧੀ (Mechanism) ਸਥਾਪਿਤ ਕੀਤੇ ਗਏ ਹਨ।

ਅਜੋਕੇ ਸਾਲਾਂ ਵਿਚ ਰੋਜਾਨਾ ਗਤੀਵਿਧੀਆਂ ਵਿਚ ਸੂਚਨਾ ਟੈਕਨਾਲੋਜੀ ਅਤੇ ਸੂਚਨਾ ਆਧਾਰਿਤ ਸੰਰਚਨਾ ਦੀ ਲਗਾਤਾਰ ਵਰਤੋਂ ਕਰਨ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਸੰਦਰਭ ਵਿਚ ਡਿਜੀਟਲ ਲਾਇਬ੍ਰੇਰੀ ਆਪਣੇ ਆਪ ਅਤੇ ਕਈ ਹੋਰ ਗਤੀਵਿਧੀਆਂ ਵਿਚ ਸਮਰੱਥ ਤਕਨੀਕਾਂ ਦੇ ਤੌਰ ਤੇ ਉੱਭਰ ਰਹੀ ਹੈ।

ਸੰਸਾਰ ਪੱਧਰ ਤੇ ਵੱਖ ਵੱਖ ਰੂਪਾਂ ਵਿਚ ਸੂਚਨਾ ਟੈਕਨਾਲੋਜੀ ਅਤੇ ਅੰਤਰ ਸੰਬੰਧਿਤ ਕੰਪਿਊਟਰ ਨੈਟਵਰਕਾਂ ਦੀ ਇਕੱਠੀ ਵਿਸ਼ਵ ਪੱਧਰੀ ਸੂਚਨਾ ਆਧਾਰਿਤ ਸੰਰਚਨਾ ਤਿਆਰ ਕਰਨ ਦੀ ਪ੍ਰਕਿਰਿਆ ਵਿਚ ਅੱਗੇ ਵੱਧਣ ਦਾ ਯਤਨ ਕੀਤਾ ਜਾ ਰਿਹਾ ਹੈ।

**2.6.11 ਸਿੱਟਾ (Summary)**

ਇਸ ਪਾਠ ਵਿਚ ਅਧਾਰਿਤ ਸੰਰਚਨਾ ਅਤੇ ਸੂਚਨਾ ਆਧਾਰਿਤ ਸੰਰਚਨਾ ਬਾਰੇ ਚਰਚਾ ਕੀਤੀ ਗਈ ਹੈ। ਅਧਾਰਿਤ-ਸੰਰਚਨਾ ਦੀ ਲੋੜ ਤੇ ਚਰਚਾ ਵਿਚ ਸਮਾਜ ਭਲਾਈ ਅਤੇ ਵਿਕਾਸ ਵਿਚ ਸੂਚਨਾ ਦੇ ਯੋਗਦਾਨ ਅਤੇ ਮਹੱਤਤਾ ਤੇ ਜ਼ੋਰ ਦਿੱਤਾ ਗਿਆ ਹੈ। ਭੌਤਿਕ, ਵਿੱਤੀ, ਸੂਚਨਾ ਪ੍ਰਣਾਲੀ, ਮਨੁੱਖੀ ਸਾਧਨ ਆਦਿ ਤੱਤਾਂ ਜਿਹੜੇ ਅਧਾਰਿਤ ਸੰਰਚਨਾ ਦੇ ਅੰਸ਼ ਹਨ, ਉਨ੍ਹਾਂ ਤੇ ਰੋਸ਼ਨੀ ਪਾਈ ਗਈ ਹੈ। ਆਧਾਰਿਤ-ਸੰਰਚਨਾ ਵਿਚ ਨੈਟਵਰਕਾਂ ਦੀ ਭਾਗੀਦਾਰੀ ਤੇ ਵੀ ਵਿਚਾਰ ਪ੍ਰਗਟ ਕੀਤੇ ਗਏ ਹਨ। ਇੰਟਰਨੈਟ,

ਇਨਫਲੀਬੀਨੇਟ ਆਦਿ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ। OCLC ਬਾਰੇ ਵੀ ਚਰਚਾ ਕੀਤੀ ਗਈ ਹਨ। ਅਧਾਰਿਤ-ਸੰਰਚਨਾ ਦੁਆਰਾ ਸੂਚਨਾ ਵਰਤੋਂਕਾਰ ਤਕ ਪਹੁੰਚਾਉਣ ਵਿਚ ਸਫਲਤਾ ਮਿਲੀ ਹੈ। ਹੁਣ ਵਿਸ਼ਵ ਵਿਆਪੀ ਸੂਚਨਾ ਅਧਾਰਿਤ-ਸੰਰਚਨਾ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

**2.6.12 ਸਵੈ-ਪੜਤਾਲ ਅਭਿਆਸ**

1. ਸੂਚਨਾ ਆਧਾਰਿਤ-ਸੰਰਚਨਾ ਦੀ ਧਾਰਣਾ ਬਾਰੇ ਚਰਚਾ ਕਰੋ।
2. ਸੂਚਨਾ ਆਧਾਰਿਤ-ਸੰਰਚਨਾ ਦੀ ਲੋੜ ਬਾਰੇ ਸੰਖੇਪ ਵਿਚ ਲਿਖੋ।
3. ਵੱਖ-ਵੱਖ ਕਿਸਮਾਂ ਦੀਆਂ ਆਧਰਿਤ-ਸੰਰਚਨਾਵਾਂ ਬਿਆਨ ਕਰੋ।
4. ਨੈਟਵਰਕ ਨੂੰ ਆਧਾਰਿਤ-ਸੰਰਚਨਾ ਵਜੋਂ ਬਿਆਨ ਕਰੋ।
5. ਆਧਾਰਿਤ-ਸੰਰਚਨਾ ਦੇ ਵੱਖ-ਵੱਖ ਪੱਧਰਾਂ ਬਾਰੇ ਲਿਖੋ।
6. ਇੰਟਰਨੈਟ ਤੇ ਨੋਟ ਲਿਖੋ।
7. ਸੰਖੇਪ ਵਿਚ ਇੰਟਰਨੈਟ ਦੇ ਗੁਣ ਅਤੇ ਸੇਵਾਵਾਂ ਬਿਆਨ ਕਰੋ।
8. ਆਧਾਰਿਤ-ਸੰਰਚਨਾ ਵਿਚ ਡਿਜੀਟਲ ਲਾਇਬ੍ਰੇਰੀ ਦੀ ਭੂਮਿਕਾ ਤੇ ਚਾਨਣਾ ਪਾਉ।

**2.6.13 ਅੱਗੇ ਪੜ੍ਹਣ ਲਈ**


1. Awal, RS, Ed. : Information Networks in India. 2003.
2. Sardana, J.L. (Ed.) : Libraries and Information Studies in Retrospect and Prospect, New delhi : Concept, 2002.
3. Vashisth, C.P. (Ed.) : Modernization in Libraries : Seminar Papers, 33rd ILA Conference, Dec. 1987, Delhi : ILA, 1987.
4. Prasher, RG and Mangla, PB : Library and Information Science : Parameters and Perspecting 1997.


**Laser Type-setting at : Computer Lab, Department of Distance Education, Punjabi University Patiala. (2019)**